ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਸੋਮਵਾਰ, 11 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੫ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਵਿਸਾਖੀ ਮੌਕੇ 10 ਅਪ੍ਰੈਲ ਨੂੰ ਪਾਕਿ ਜਾਵੇਗਾ ਸਿੱਖ ਸ਼ਰਧਾਲੂਆਂ ਦਾ ਜਥਾ

**ਅੰਮ੍ਰਿਤਸਰ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਵਿਸਾਖੀ ਦੇ ਪਵਿੱਤਰ ਮੌਕੇ 'ਤੇ ਸਿੱਖ ਸੰਗਤ ਦਾ ਇੱਕ ਵਿਸ਼ੇਸ਼ ਜਥਾ ਪਾਕਿਸਤਾਨ ਵਿਚ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਰਵਾਨਾ ਹੋਵੇਗਾ। ਇਹ ਜਥਾ 10 ਅਪ੍ਰੈਲ 2026 ਨੂੰ ਪਾਕਿਸਤਾਨ ਪਹੁੰਚੇਗਾ ਤੇ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤੇਗਾ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਸ਼ਰਧਾਲੂਆਂ ਦੇ ਪਾਸਪੋਰਟ ਇਕੱਠੇ ਕਰ ਲਏ ਗਏ ਹਨ ਅਤੇ ਭਾਰਤ ਸਰਕਾਰ ਤੋਂ ਯਾਤਰਾ ਸ਼ਡਿਊਲ ਨੂੰ ਅੰਤਿਮ ਮਨਜ਼ੂਰੀ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ 10 ਅਪ੍ਰੈਲ ਨੂੰ ਪਾਕਿਸਤਾਨ ਪਹੁੰਚ ਕੇ ਸਿੱਧੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। 11 ਅਪ੍ਰੈਲ ਨੂੰ ਨਨਕਾਣਾ ਸਾਹਿਬ ਦੇ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਹੋਣਗੇ। 12 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਪਹੁੰਚ ਕੇ ਰਾਤ ਠਹਿਰਨਗੇ ਅਤੇ 13 ਅਪ੍ਰੈਲ ਨੂੰ ਉੱਥੇ ਬਾਬਾ ਵੱਲੀ ਕੰਧਾਰੀ ਦੇ ਮੁਸਲਿਮ ਧਾਰਮਿਕ ਸਥਾਨ ਦੇ ਦਰਸ਼ਨ ਕਰਨਗੇ। 14 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਬਾਅਦ ਧਾਰਮਿਕ ਇਕੱਠ ਵਿੱਚ ਹਿੱਸਾ ਲੈਣਗੇ, ਜੋ ਪਾਕਿਸਤਾਨ ਵਿੱਚ ਵਿਸਾਖੀ (ਖਾਲਸਾ ਸਾਜਨਾ ਦਿਵਸ) ਦਾ ਮੁੱਖ ਸਮਾਗਮ ਹੋਵੇਗਾ। 15 ਅਪ੍ਰੈਲ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ ਅਤੇ 16 ਅਪ੍ਰੈਲ ਨੂੰ ਉੱਥੇ ਰਾਤ ਰਹਿਣ ਤੋਂ ਬਾਅਦ 17 ਅਪ੍ਰੈਲ ਨੂੰ ਗੁਜਰਾਂਵਾਲਾ ਦੇ ਗੁਰਦੁਆਰਾ ਰੋੜੀ ਸਾਹਿਬ ਪਹੁੰਚਣਗੇ। 18 ਅਪ੍ਰੈਲ ਨੂੰ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਦੇ ਦਰਸ਼ਨ ਕਰਨਗੇ ਅਤੇ 19 ਅਪ੍ਰੈਲ ਨੂੰ ਵਾਪਸੀ ਹੋਵੇਗੀ।

## ਪੰਜਾਬ 'ਚ ਨਹੀਂ ਕਾਨੂੰਨ ਦਾ ਖ਼ੌਫ

# 'ਆਪ' ਵਿਧਾਇਕਾਂ ਨੂੰ ਹੀ ਮਿਲ ਰਹੀਆਂ ਧਮਕੀਆਂ

**ਲੁਧਿਆਣਾ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਗੈਂਗਸਟਰਾਂ ਅਤੇ ਅਪਰਾਧੀਆਂ ਖ਼ਿਲਾਫ਼ ਆਪਰੇਸ਼ਨ ਪਰਹਾਰ ਦਾ ਦੂਜਾ ਪੜਾਅ ਚਲਾਇਆ ਜਾ ਰਿਹਾ ਹੈ। ਸਰਕਾਰ ਦਾ ਦਾਅਵਾ ਹੈ ਕਿ ਬਹੁਤ ਵੱਡੀ ਗਿਣਤੀ 'ਚ ਗੈਂਗਸਟਰ ਅਤੇ ਅਪਰਾਧੀਆਂ ਨੂੰ ਕਾਬੂ ਕੀਤਾ



ਗਿਆ ਹੈ ਅਤੇ ਅਸਲਾ ਫੜ੍ਹਿਆ ਗਿਆ ਹੈ ਪਰ ਇਸ ਆਪਰੇਸ਼ਨ ਪਰਹਾਰ ਦੀ ਅਸਲੀਅਤ ਸਰਕਾਰ ਦੇ ਦਾਅਵਿਆਂ ਦੇ ਬਿਲਕੁਲ ਉਲਟ ਹੈ, ਜਿਸ ਦਾ ਸਬੂਤ ਹੈ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਵਿਧਾਇਕ ਹੀ ਸੁਰੱਖਿਅਤ ਨਹੀਂ। ਪਹਿਲਾਂ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਬੁਲਟ ਪਰੂਫ ਗੱਡੀ ਦਿੱਤੀ ਗਈ ਅਤੇ ਸੁਰੱਖਿਆ ਵਧਾਈ ਗਈ। ਦੱਸਿਆ ਗਿਆ ਕਿ ਉਨ੍ਹਾਂ ਨੂੰ ਧਮਕੀਆਂ ਮਿਲੀਆਂ ਹਨ। ਇਸ ਤੋਂ ਬਾਅਦ ਹੁਣ ਲੁਧਿਆਣਾ ਦੇ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੂੰ ਧਮਕੀਆਂ ਮਿਲਣ ਪਿੱਛੋਂ ਉਨ੍ਹਾਂ ਦੇ ਘਰ ਦੀ ਰੇਕੀ ਕੀਤੀ ਗਈ ਹੈ।

ਬੀਤੀ ਰਾਤ ਵਿਧਾਇਕ ਦੇ ਘਰ ਬਾਹਰ ਕਾਲੇ ਸ਼ੀਸ਼ੇ ਵਾਲੀ ਇਕ ਸ਼ੱਕੀ ਕਾਰ ਦੇਖੀ ਗਈ, ਜਿਸ ਨੇ ਪੁਲਸ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ। ਕੁਲਵੰਤ ਸਿੰਘ ਸਿੱਧੂ ਮੁਤਾਬਕ ਰਾਤ ਕਰੀਬ 9 ਵਜੇ ਉਹ ਆਪਣੇ ਘਰ ਅੰਦਰ ਕਾਰਕੁੰਨਾਂ ਨਾਲ ਮੀਟਿੰਗ ਕਰ ਰਹੇ ਸਨ। ਇਸੇ ਦੌਰਾਨ ਇਕ ਕਾਲੇ ਸ਼ੀਸ਼ਿਆਂ ਵਾਲੀ ਸ਼ੱਕੀ ਕਾਰ ਉਨ੍ਹਾਂ ਦੇ ਘਰ ਬਾਹਰ ਆ ਕੇ ਰੁਕੀ। ਕਰੀਬ ਦੋ ਮਿੰਟ ਤੱਕ ਗੱਡੀ ਉੱਥੇ ਖੜ੍ਹੀ ਰਹੀ ਅਤੇ ਅਜਿਹਾ ਲੱਗਾ ਜਿਵੇਂ ਕਾਰ ਸਵਾਰ ਲੋਕ ਘਰ ਦੀ ਪਛਾਣ ਕਰ ਰਹੇ ਹੋਣ ਜਾਂ ਫਿਰ ਰੇਕੀ ਕਰ ਰਹੇ ਹੋਣ। ਜਿਵੇਂ ਹੀ ਗੰਨਮੈਨ ਨੇ ਹਲਚਲ ਦੇਖੀ ਅਤੇ ਗੱਡੀ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਗੱਡੀ ਤੇਜ਼ ਰਫ਼ਤਾਰ ਨਾਲ ਭਜਾ ਕੇ ਲੈ ਗਏ। ਇਸ ਦੀ ਸੂਚਨਾ ਮਿਲਦੇ ਹੀ ਪੁਲਸ ਟੀਮਾਂ ਮੌਕੇ 'ਤੇ ਪੁੱਜੀਆਂ ਅਤੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਹ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ 'ਤੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦਾ ਆਸ਼ੀਰਵਾਦ ਹੈ। ਉਨ੍ਹਾਂ ਨੇ ਸਾਫ਼ ਕੀਤਾ ਕਿ ਉਹ ਜਨਤਾ ਦੀ ਸੇਵਾ ਲਈ ਚੁਣੇ ਗਏ ਹਨ ਅਤੇ ਜਨਹਿੱਤ ਕੰਮਾਂ ਤੋਂ ਪਿੱਛੇ ਨਹੀਂ ਹਟਣਗੇ।

## "ਖਿੱਚ ਲਓ ਜੰਗ ਦੀ ਤਿਆਰੀ..!" ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਯੂਰਪੀ ਦੇਸ਼ਾਂ ਨੂੰ ਦਿੱਤੀ ਵਾਰਨਿੰਗ

**ਲੰਡਨ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਇਕ ਪਾਸੇ ਯੂਕ੍ਰੇਨ ਨਾਲ ਜੰਗ ਕਾਰਨ ਰੂਸ ਦਾ ਪੂਰੇ ਯੂਰਪ ਨਾਲ ਵੈਰ ਵਧਦਾ ਜਾ ਰਿਹਾ ਹੈ, ਉੱਥੇ ਹੀ ਇਸ ਵਧਦੇ ਜਾ ਰਹੇ ਤਣਾਅ ਵਿਚਾਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਇਕ ਬਿਆਨ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਦੌਰਾਨ ਯੂਰਪੀ ਦੇਸ਼ਾਂ ਨੂੰ ਅਮਰੀਕਾ 'ਤੇ 'ਬਹੁਤ ਜ਼ਿਆਦਾ ਨਿਰਭਰਤਾ' ਖ਼ਤਮ ਕਰਨ ਦੀ ਸਖ਼ਤ ਚਿਤਾਵਨੀ ਦਿੱਤੀ ਹੈ। ਸਟਾਰਮਰ ਨੇ ਸਾਫ਼ ਕੀਤਾ ਕਿ ਬਦਲਦੇ ਭੂ-ਰਾਜਨੀਤਿਕ ਹਾਲਾਤਾਂ ਵਿੱਚ ਹੁਣ ਯੂਰਪ ਨੂੰ ਆਪਣੀ ਰੱਖਿਆ ਲਈ ਖੁਦਮੁਖਤਿਆਰੀ ਅਤੇ 'ਹਾਰਡ ਪਾਵਰ' (ਫੌਜੀ ਤਾਕਤ) ਦਾ ਰਾਹ ਚੁਣਨਾ ਪਵੇਗਾ। ਸਟਾਰਮਰ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਅਮਰੀਕਾ ਇੱਕ ਲਾਜ਼ਮੀ ਸਹਿਯੋਗੀ ਹੈ, ਪਰ ਵਾਸ਼ਿੰਗਟਨ ਦੀ ਰਾਸ਼ਟਰੀ ਸੁਰੱਖਿਆ ਰਣਨੀਤੀ ਵਿੱਚ ਆ ਰਹੇ ਬਦਲਾਅ ਹੁਣ 'ਨਿਊ ਨਾਰਮਲ' ਹਨ। ਸਾਨੂੰ ਆਪਣੇ ਲੋਕਾਂ, ਆਪਣੀਆਂ ਕਦਰਾਂ-ਕੀਮਤਾਂ ਅਤੇ ਆਪਣੀ ਜੀਵਨ



ਸ਼ੈਲੀ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਅਤੇ ਜੇਕਰ ਲੋੜ ਪਈ ਤਾਂ ਜੰਗ ਲੜਨ ਲਈ ਵੀ ਤਿਆਰ ਰਹਿਣਾ ਹੋਵੇਗਾ।" ਯੂਰਪ ਨੂੰ ਫੌਜੀ ਸਮਰੱਥਾ ਦੇ ਲਿਹਾਜ਼ ਨਾਲ 'ਸਲੀਪਿੰਗ ਜਾਇੰਟ' ਦੱਸਦਿਆਂ ਉਨ੍ਹਾਂ ਕਿਹਾ ਕਿ ਯੂਰਪੀ ਦੇਸ਼ਾਂ ਦੀ ਸਾਂਝੀ ਆਰਥਿਕਤਾ ਰੂਸ ਨਾਲੋਂ 10 ਗੁਣਾ ਜ਼ਿਆਦਾ ਹੈ, ਪਰ ਫੌਜੀ ਤੌਰ 'ਤੇ ਅਸੀਂ ਵੱਖ-ਵੱਖ ਹੋਏ ਹਾਂ। ਉਨ੍ਹਾਂ ਇੱਕ 'ਵਧੇਰੇ ਯੂਰਪੀ ਨਾਟੋ' ਬਣਾਉਣ ਦਾ ਸੱਦਾ ਦਿੱਤਾ ਤਾਂ ਜੋ ਬਾਹਰੀ ਮਦਦ ਦੀ ਬਜਾਏ ਆਪਣੀ ਤਾਕਤ 'ਤੇ ਨਿਰਭਰ ਰਿਹਾ ਜਾ ਸਕੇ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਸਟਾਰਮਰ ਦੀ ਗੱਲ ਦਾ ਸਮਰਥਨ ਕਰਦਿਆਂ ਕਿਹਾ ਕਿ ਯੂਰਪ ਨੂੰ ਹੁਣ ਇੱਕ ਮਜ਼ਬੂਤ ਭੂ-ਰਾਜਨੀਤਿਕ ਸ਼ਕਤੀ ਵਜੋਂ ਉਭਰਨਾ ਪਵੇਗਾ।

## ਪੰਜਾਬ ਦੇ ਨੈਸ਼ਨਲ ਹਾਈਵੇ 'ਤੇ ਵੱਡਾ ਹਾਦਸਾ, ਦਰਜਨ ਵਾਹਨਾਂ ਦੀ ਆਪਸ 'ਚ ਟਕਰਾਏ, 12 ਲੋਕ ਜ਼ਖ਼ਮੀ




**ਪਠਾਨਕੋਟ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਬਟਾਲਾ ਦੇ ਪਿੰਡ ਗਿੱਲਾਂਵਾਲੀ ਨਜ਼ਦੀਕ ਟ੍ਰੈਫਿਕ ਡਾਇਵਰਟ ਹੋਣ ਨਾਲ ਦਰਜਨ ਦੇ ਕਰੀਬ ਵਾਹਨ ਆਪਸ 'ਚ ਟਕਰਾਏ ਗਏ। ਹਾਦਸੇ ਦੌਰਾਨ ਵਾਹਨਾਂ ਦਾ ਭਾਰੀ ਨੁਕਸਾਨ ਹੋਇਆ ਅਤੇ 2 ਬੱਚਿਆਂ ਸਮੇਤ ਕਰੀਬ 12 ਲੋਕਾਂ ਦੇ ਲੋਕਾਂ ਦੇ ਜ਼ਖਮੀ ਹੋ ਗਏ। ਇਸ ਦੌਰਾਨ ਵਾਹਨਾਂ ਦੀ ਟੱਕਰ 'ਚ ਦੋ ਆਰਮੀ ਦੇ ਵਾਹਨ ਵੀ ਨੁਕਸਾਨੇ ਗਏ ਹਨ। ਪੁਲਸ ਪ੍ਰਸ਼ਾਸਨ ਅਤੇ ਲੋਕਾਂ ਦੀ ਮਦਦ ਨਾਲ ਜ਼ਖਮੀ ਹੋਏ ਲੋਕਾਂ ਨੂੰ ਇਲਾਜ ਲਈ ਆਸ-ਪਾਸ ਦੇ ਹਸਪਤਾਲਾਂ 'ਚ ਲਿਜਾਇਆ ਗਿਆ ਹੈ, ਜਦਕਿ ਜ਼ਖ਼ਮੀਆਂ ਦੀ ਹਾਲਤ ਸਥਿਰ ਹੈ। ਜਾਣਕਾਰੀ ਮੁਤਾਬਕ ਬਟਾਲਾ ਦੇ ਨਜ਼ਦੀਕ ਨੈਸ਼ਨਲ ਹਾਈਵੇ 'ਤੇ ਬੱਜਰੀ ਨਾਲ ਭਰਿਆ ਇੱਕ ਟਿੱਪਰ ਪਲਟ ਗਿਆ ਸੀ, ਜਿਸ ਕਾਰਨ ਆਵਾਜਾਈ ਪ੍ਰਭਾਵਿਤ ਹੋ ਗਈ। ਟ੍ਰੈਫਿਕ ਜਾਮ ਤੋਂ ਬਚਣ ਲਈ ਲੋਕ ਦੂਜੇ ਰਾਹ 'ਤੇ ਡਾਇਵਰਟ ਹੋਏ ਤਾਂ ਅੱਗੋਂ ਭਾਰੀ ਧੁੰਦ ਕਾਰਨ ਪਹਿਲਾਂ ਹੀ ਦੋ ਵਾਹਨ ਆਪਸ 'ਚ ਟਕਰਾਏ ਹੋਏ ਸਨ। ਧੁੰਦ ਹੋਣ ਕਾਰਨ ਤਕਰੀਬਨ ਦਰਜਨ ਦੇ ਕਰੀਬ ਵਾਹਨ ਇੱਕ ਦੂਜੇ ਦੇ ਨਾਲ ਟਕਰਾ ਗਏ। ਇਨ੍ਹਾਂ ਵਾਹਨਾਂ 'ਚ ਟਿੱਪਰ ਟਰੱਕ, ਬੱਸਾਂ, ਟਰੱਕ ਆਦਿ ਸ਼ਾਮਲ ਹਨ। ਜਿਸ 'ਚ 2 ਬੱਚਿਆਂ ਸਮੇਤ ਕਰੀਬ 12 ਲੋਕਾਂ ਦੇ ਲੋਕਾਂ ਦੇ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ। ਜਿੰਨ੍ਹਾਂ ਦੀ ਪਛਾਣ ਕੈਂਟਰ ਚਾਲਕ ਰਾਕੇਸ਼ ਕੁਮਾਰ ਪੁੱਤਰ ਪ੍ਰਹਿਲਾਦ ਸਿੰਘ ਵਾਸੀ ਕਠੂਆ ਜੰਮੂ, ਬੱਚਾ ਸ਼ਾਂਤਵੀਕ (5 ਸਾਲ), ਸੂਰਜ (9 ਸਾਲ), ਬੱਸ ਵਿਚ ਸਵਾਰ ਸਵਾਰੀਆਂ ਵਿਚ ਰਾਜਬੀਰ ਕੌਰ ਪਤਨੀ ਪ੍ਰਦੀਪ ਸਿੰਘ ਵਾਸੀ ਮੁਕੇਰੀਆਂ ਅਤੇ ਜ਼ਖਮੀ ਹੋਏ ਆਰਮੀ ਦੇ ਜਵਾਨਾਂ ਵਜੋਂ ਸੁਰੇਸ਼, ਨਵੀਨ ਕੁਮਾਰ ਦੀ ਪਛਾਣ ਹੋਈ ਹੈ। ਇਹ ਵੀ ਦੱਸਦੇ ਚੱਲੀਏ ਕਿ ਉਕਤ ਟਕਰਾਏ ਵਾਹਨਾਂ ਵਿਚ ਦੋ ਆਰਮੀ ਦੀਆਂ ਬੱਸਾਂ ਵੀ ਸਨ। ਉਧਰ ਬਟਾਲਾ ਪੁਲਸ ਵਲੋਂ ਇਸ ਮਾਮਲੇ 'ਚ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਹਾਈਵੇ ਦਾ ਰਸਤਾ ਸਾਫ਼ ਕਰਵਾਇਆ ਜਾ ਰਿਹਾ ਹੈ।

## ਭਾਰਤ ਦੇ 'ਮੋਸਟ ਵਾਂਟਡ' ਅੱਤਵਾਦੀ ਦਾ ਪਾਕਿਸਤਾਨ 'ਚ ਗੋਲੀਆਂ ਮਾਰ ਕੇ ਕਤਲ

**ਇਸਲਾਮਾਬਾਦ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਗੁਆਂਢੀ ਮੁਲਕ ਪਾਕਿਸਤਾਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਅਤੇ ਲਸ਼ਕਰ-ਏ-ਤੋਇਬਾ ਦੇ ਮੋਸਟ ਵਾਂਟੇਡ ਅੱਤਵਾਦੀਆਂ ਵਿੱਚੋਂ ਇੱਕ, ਮੁਹੰਮਦ ਕਾਸਿਮ ਗੁੱਜਰ ਉਰਫ਼ ਸਲਮਾਨ ਦਾ ਪਾਕਿਸਤਾਨ ਦੇ ਪੇਸ਼ਾਵਰ ਵਿੱਚ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਉਸ ਸਮੇਂ ਨਿਸ਼ਾਨਾ ਬਣਾਇਆ, ਜਦੋਂ ਉਹ ਬਾਈਕ 'ਤੇ ਕਿਤੇ ਜਾ ਰਿਹਾ ਸੀ। ਇਸ ਦੌਰਾਨ ਪਿੱਛੇ ਤੋਂ ਆਏ ਅਣਪਛਾਤੇ ਬੰਦੂਕਧਾਰੀਆਂ ਨੇ ਕਾਸਿਮ ਗੁੱਜਰ 'ਤੇ ਫਾਇਰਿੰਗ ਕਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਾਕਿਸਤਾਨੀ ਜਾਂਚ ਏਜੰਸੀਆਂ ਨੇ ਇਲਾਕੇ ਨੂੰ ਘੇਰ ਲਿਆ ਹੈ, ਪਰ ਹਮਲਾਵਰ ਫਰਾਰ ਹੋਣ ਵਿੱਚ ਕਾਮਯਾਬ ਰਹੇ।



ਕਾਸਿਮ ਗੁੱਜਰ ਮੂਲ ਰੂਪ ਵਿੱਚ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਕਈ ਸਾਲਾਂ ਤੋਂ ਪਾਕਿਸਤਾਨ ਵਿੱਚ ਬੈਠ ਕੇ ਭਾਰਤ ਵਿਰੁੱਧ ਸਾਜ਼ਿਸ਼ਾਂ ਰਚ ਰਿਹਾ ਸੀ। ਉਹ ਜੰਮੂ ਖੇਤਰ ਵਿੱਚ ਹਥਿਆਰਾਂ ਦੀ ਸਪਲਾਈ, ਡਰੋਨ ਰਾਹੀਂ ਨਸ਼ੇ ਭੇਜਣ ਅਤੇ ਨਵੇਂ ਨੌਜਵਾਨਾਂ ਨੂੰ ਅੱਤਵਾਦ ਵਿੱਚ ਭਰਤੀ ਕਰਨ ਦਾ ਮੁੱਖ ਜ਼ਿੰਮੇਵਾਰ ਸੀ। ਉਸ ਦਾ ਨਾਮ ਜੰਮੂ ਵਿੱਚ ਹੋਏ ਕਈ ਧਮਾਕਿਆਂ ਅਤੇ ਫੌਜੀ ਕਾਫਲਿਆਂ 'ਤੇ ਹੋਏ ਹਮਲਿਆਂ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ। ਭਾਰਤ ਸਰਕਾਰ ਨੇ ਉਸ ਨੂੰ 'ਨਾਮੀਨੇਟਿਡ ਅੱਤਵਾਦੀ' ਐਲਾਨਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਪਾਕਿਸਤਾਨ ਅੰਦਰ ਭਾਰਤ ਵਿਰੋਧੀ ਅੱਤਵਾਦੀਆਂ ਦੇ ਮਾਰੇ ਜਾਣ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਲਸ਼ਕਰ ਅਤੇ ਜੈਸ਼-ਏ-ਮੁਹੰਮਦ ਦੇ ਕਈ ਚੋਟੀ ਦੇ ਕਮਾਂਡਰ ਅਣਪਛਾਤੇ ਹਮਲਾਵਰਾਂ ਹੱਥੋਂ ਮਾਰੇ ਜਾ ਚੁੱਕੇ ਹਨ। ਹਾਲਾਂਕਿ ਭਾਰਤ ਨੇ ਹਮੇਸ਼ਾ ਅਜਿਹੀਆਂ ਹੱਤਿਆਵਾਂ ਵਿੱਚ ਆਪਣੀ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ, ਪਰ ਇਹ ਘਟਨਾਵਾਂ ਪਾਕਿਸਤਾਨ ਵਿੱਚ ਲੁਕੇ ਅੱਤਵਾਦੀਆਂ ਲਈ ਵੱਡਾ ਡਰ ਬਣ ਰਹੀਆਂ ਹਨ।

## ਅਮਰੀਕਾ 'ਚ ਲਾਪਤਾ ਭਾਰਤੀ ਵਿਦਿਆਰਥੀ ਦੀ ਮੌਤ, 6 ਦਿਨਾਂ ਬਾਅਦ ਮਿਲੀ ਲਾਸ਼

ਸਾਕੇਤ ਸ਼੍ਰੀਨਿਵਾਸਿਆ ਕਰਨਾਟਕ ਦੇ ਤੁਮਕੁਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਵਿੱਚ ਪੋਸਟ-ਗ੍ਰੈਜੂਏਸ਼ਨ ਦੀ ਪੜਾਈ ਕਰ ਰਹੇ ਸਨ। ਉਨ੍ਹਾਂ ਨੂੰ ਆਖਰੀ ਵਾਰ ਕੈਲੀਫੋਰਨੀਆ ਦੇ ਟਿਲਡਨ ਰੀਜਨਲ ਪਾਰਕ ਦੇ ਨੇੜੇ ਇਕ ਝੀਲ ਕੋਲ ਵੇਖਿਆ ਗਿਆ ਸੀ। ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਣਕਾਰੀ ਦਿੱਤੀ ਕਿ ਸਥਾਨਕ ਪੁਲਿਸ ਨੇ ਸਾਕੇਤ ਦੀ ਲਾਸ਼ ਬਰਾਮਦ ਹੋਣ ਦੀ ਪੁਸ਼ਟੀ ਕੀਤੀ ਹੈ। ਦੂਤਾਵਾਸ ਨੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਮੁਸ਼ਕਲ ਸਮੇਂ ਵਿੱਚ ਉਹ ਪਰਿਵਾਰ ਦੇ ਨਾਲ ਖੜ੍ਹੇ ਹਨ।

## ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ




**ਸੰਗਰੂਰ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਨੂੰ ਸੰਗਰੂਰ 'ਚ ਅੱਜ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਭਾਜਪਾ ਦੇ ਸੀਨੀਅਰ ਲੀਡਰ ਤੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਨੇ ਅਕਾਲੀ ਦਲ ਵਿੱਚ ਸ਼ਮੂਲੀਅਤ ਕਰ ਲਈ। ਅਰਵਿੰਦ ਖੰਨਾ ਦੇ ਨਾਲ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਸਾਬਕਾ ਕੌਂਸਲ ਪ੍ਰਧਾਨ ਹਰਬੰਸ ਸਿੰਘ ਗਰਚਾ ਤੇ ਬਲਾਕ ਪ੍ਰਧਾਨ ਸਮੇਤ ਵਰਕਰਾਂ ਨੇ ਵੀ ਅਕਾਲੀ ਦਲ ਦਾ ਪੱਲਾ ਫੜਿਆ। ਜਾਣਕਾਰੀ ਅਨੁਸਾਰ, ਇਹ ਸ਼ਮੂਲੀਅਤ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਰੂਰ 'ਚ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਰੱਖੀ ਗਈ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕਰਵਾਈ ਗਈ। ਸੁਖਬੀਰ ਸਿੰਘ ਬਾਦਲ ਨੇ ਅਰਵਿੰਦ ਖੰਨਾ ਤੇ ਉਨ੍ਹਾਂ ਦੇ ਸਾਥੀਆਂ ਨੂੰ 'ਜੀ ਆਇਆਂ' ਕਹਿੰਦਿਆਂ ਸਿਰੋਪਾਓ ਦਿੱਤਾ ਅਤੇ ਅਕਾਲੀ ਦਲ ਵਿੱਚ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਕਹੀ।

ਸੁਖਬੀਰ ਸਿੰਘ ਬਾਦਲ, ਖੰਨਾ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ ਨਿੱਜੀ ਤੌਰ 'ਤੇ ਧੂਰੀ ਆਏ ਸਨ। ਦੱਸ ਦਈਏ ਕਿ ਅਰਵਿੰਦ ਖੰਨਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਸਾਥੀ ਸਨ। ਅਰਵਿੰਦ ਖੰਨਾ ਨੂੰ ਇਸ ਖੇਤਰ ਵਿੱਚ ਇੱਕ ਪ੍ਰਮੁੱਖ ਉਦਯੋਗਪਤੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਉਮੀਦ ਫਾਊਂਡੇਸ਼ਨ ਰਾਹੀਂ ਕਈ ਸਾਲਾਂ ਤੱਕ ਸੰਗਰੂਰ ਹਲਕੇ ਦੇ ਲੋਕਾਂ ਦੀ ਸੇਵਾ ਕਰਨ ਲਈ ਨਾਮਣਾ ਖੱਟਿਆ। ਉਹ ਪਹਿਲੀ ਵਾਰ 2002 ਵਿੱਚ ਕਾਂਗਰਸ ਦੀ ਟਿਕਟ 'ਤੇ ਸੰਗਰੂਰ ਵਿਧਾਨ ਸਭਾ ਹਲਕਾ ਜਿੱਤ ਕੇ ਵਿਧਾਇਕ ਬਣੇ ਸਨ। ਉਹ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੇ ਉਮੀਦਵਾਰ ਸਨ, ਸੁਖਦੇਵ ਸਿੰਘ ਢੀਂਡਸਾ ਤੋਂ ਹਾਰ ਗਏ ਸਨ। ਫਿਰ ਉਨ੍ਹਾਂ ਨੇ 2012 ਵਿੱਚ ਧੂਰੀ ਹਲਕੇ ਤੋਂ ਚੋਣ ਲੜੀ ਸੀ। ਇਸ ਭਾਰੀ ਜਿੱਤ ਨੇ ਉਨ੍ਹਾਂ ਨੂੰ ਇੱਕ ਵੱਡੇ ਨੇਤਾ ਵਜੋਂ ਸਥਾਪਿਤ ਕੀਤਾ। ਹਾਲਾਂਕਿ, ਜਦੋਂ ਉਸ ਸਮੇਂ ਕਾਂਗਰਸ ਸਰਕਾਰ ਨਹੀਂ ਬਣ ਸਕੀ, ਤਾਂ ਉਨ੍ਹਾਂ ਨੇ ਦੋ ਸਾਲ ਬਾਅਦ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਅਤੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਸੀ।


ਗੁਰਦੁਆਰਾ ਲਵੇਰੀਸਰ
ਸਾਹਿਬ ਢਾਣੀ ਕਾਹਨ ਸਿੰਘ
ਪਿੰਡ ਮੱਲੇਵਾਲਾ ਸਿਰਸਾ
ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ
ਨੀਂਹ ਪੱਥਰ ਸਮਾਗਮ
ਮਿਤੀ 19 ਫਰਵਰੀ
2026 ਦਿਨ ਵੀਰਵਾਰ
ਸਮਾਂ
ਸਵੇਰੇ 9 ਵਜੇ
ਭੋਗ ਸ਼੍ਰੀ ਅਖੰਡ ਪਾਠ ਸਾਹਿਬ 9 ਵਜੇ ਸਵੇਰੇ ਉਪਰੰਤ ਸੰਤ ਮਹਾਂਪੁਰਸ਼ ਨੀਂਹ ਪੱਥਰ ਰੱਖਣਗੇ
ਗੁਰੂ ਕਾ
ਲੰਗਰ ਅਤੁੱਟ
ਵਰਤੇਗਾ
ਇਸ ਮੌਕੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਨਾਮ ਬਾਣੀ ਦਾ ਲਾਹਾ ਪ੍ਰਾਪਤ ਕਰੋ ਜੀ
ਬੇਨਤੀ ਕਰਤਾ ਸਮੂਹ ਸਾਧਸੰਗਤ ਨਗਰ ਨਿਵਾਸੀ ਢਾਣੀ ਕਾਹਨ ਸਿੰਘ


ਬਾਬਾ ਜੀਵਨ ਸਿੰਘ ਯੁਵਾ ਕਲੱਬ
ਪਿੰਡ ਕਾਲਾਂਵਾਲੀ (ਸਿਰਸਾ)
ਵੱਲੋਂ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਗੁਰਦੁਆਰਾ ਗੁਰੂ ਗੋਬਸਰ
ਦਾਦੂ ਸਾਹਿਬ ਵਾਲੇ
ਮਹੰਤ ਦੇਵਾਦਾਸ ਜੀ
(ਡੇਰਾ ਬਾਬਾ ਮੰਡਾਲਾ)
ਸ਼ਾਨਦਾਰ ਕਬੱਡੀ ਟੂਰਨਾਮੈਂਟ
20 ਫਰਵਰੀ 2026, ਦਿਨ ਸ਼ੁੱਕਰਵਾਰ
ਸਥਾਨ : ਸਾਹਮਣੇ ਨਵੀਂ ਦਾਨਾ ਮੰਡੀ, ਡੱਬਵਾਲੀ ਰੋਡ, ਪਿੰਡ ਕਾਲਾਂਵਾਲੀ
ਬਲਰਾਜ ਬਾਜੀ
ਪਰਵਿੰਦਰ ਸਿੰਘ (ਲੱਡੂ)
ਜਗਦੀਪ ਸਿੰਘ (ਦੀਪ)
ਰਾਜਵੀਰ ਸਿੰਘ
ਕਬੱਡੀ 75 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਵਾਸ਼ਿੰਗ ਮਸ਼ੀਨਾਂ ਦਿੱਤੀਆਂ ਜਾਣਗੀਆਂ
ਕਬੱਡੀ 55 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 5-5 ਫੁੱਟੇ ਕੱਪ ਦਿੱਤੇ ਜਾਣਗੇ।
ਇਨਾਮਾਂ ਦਾ ਵੇਰਵਾ | ਪਹਿਲਾ ਇਨਾਮ | ਦੂਜਾ ਇਨਾਮ | ਐਂਟਰੀ ਫੀਸ | ਮਿਤੀ
ਕਬੱਡੀ 75 ਕਿਲੋ (2 ਖਿਡਾਰੀ ਬਾਹਰੋਂ) | 31000/- | 21000/- | 500/- | 20-02-2026
ਕਬੱਡੀ 55 ਕਿਲੋ (2 ਖਿਡਾਰੀ ਬਾਹਰੋਂ) | 15000/- | 11000/- | 300/- | 20-02-2026
ਚਿਰਾਂਸ਼ੂ ਰਤਨ ਐਡਵੋਕੇਟ
Supreme Court of India
ਅਜੈਬ ਸਰਪੰਚ
ਪ੍ਰਦੀਪ ਜੈਨ
ਵਿਨੋਦ ਮਿੱਤਲ
ਟੀਸ਼ੂ ਪ੍ਰਧਾਨ
ਮਹੇਸ਼ ਕੁਮਾਰ ਝੋਰੜ
ਸੁਭਾਸ਼ ਗੋਇਲ ਘੋਗਾ
ਕਰਨੈਲ ਸਿੰਘ ਔਢਾਂ
ਭੂਪ ਸਿੰਘ (S.I.)
ਨਿਰਮਲ ਸਿੰਘ ਮਲੜੀ
ਦਰਸ਼ਨ ਸਿੰਘ ਖਾਲਸਾ
ਕੁਲਦੀਪ ਵਰਮਾ
ਰਾਮ ਸਿੰਘ
ਪੱਪੂ ਕੋਚ
ਹਰਨੀ ਕੋਚ
ਰਾਕੇਸ਼ ਅਰੋੜਾ
ਅਮਨ ਜੈਨ, M.C.
ਪੱਪੀ ਸਿੰਘ
ਦੀਪੂ ਗਰਗ
ਜੱਸੀ ਕਿੰਗਰਾ
ਸੇਵਕ ਸਿੰਘ
ਬਚਿੱਤਰ ਸਿੰਘ
ਸੰਪਰਕ ਨੰ: 83073-50637, 77718-54978, 87085-78908











**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

# ਅੱਖਾਂ ਦਾ ਮੁ਼ਫਤ ਅਪ੍ਰੇਸ਼ਨ ਕੈਂਪ ਅੱਜ 16 ਫਰਵਰੀ ਦਿਨ ਸੋਮਵਾਰ ਨੂੰ

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਿਹ ॥**

ਸਮੂਹ ਨਗਰ ਨਿਵਾਸੀਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਪਿੰਡ ਭੰਗਵਾਂ ਨੇੜੇ ਲੋਪੋਕੇ, ਜ਼ਿਲ੍ਹਾ



ਅੰਮ੍ਰਿਤਸਰ ਵਿਖ਼ੇ ਅੱਖਾਂ ਦਾ ਮੁ਼ਫਤ ਅਪ੍ਰੇਸ਼ਨ ਕੈਂਪ ਲੱਗ ਰਿਹਾ ਹੈ। ਇਹ ਕੈਂਪ ਪਿੰਡ ਭੰਗਵਾਂ ਦੇ ਗੁਰੁਦੁਆਰਾ ਸਾਹਿਬ ਵਿੱਚ 16 ਫਰਵਰੀ 2026 ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਦੁਪਿਹਰ 12 ਵਜੇ ਤੱਕ ਲੱਗੇਗਾ। ਜਿਸ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਪਹੁੰਚ ਰਹੇ ਹਨ। ਚਿੱਟੇ ਮੋਤੀਏ ਦੇ ਮੁ਼ਫਤ ਆਪ੍ਰੇਸ਼ਨ ਕੀਤੇ ਜਾਣਗੇ। ਲੋੜਵੰਦ ਮਰੀਜ਼ ਆਪਣੇ ਅਧਾਰ ਕਾਰਡ ਦੀ ਫੋਟੋ ਕਾਪੀ ਅਤੇ ਜੋ ਦਵਾਈਆਂ ਉਹ ਖਾਂਦੇ ਹਨ ਜਾਂ ਜਿਹੜੀਆਂ ਐਨਕਾਂ ਉਹ ਲਗਾਉਂਦੇ ਹਨ ਜਰੂਰ ਨਾਲ ਲੈ ਕੇ ਆਉਣ। ਚੈੱਕਅਪ ਤੋਂ ਬਾਅਦ ਅਪ੍ਰੇਸ਼ਨ ਵਾਲੇ ਮਰੀਜਾਂ ਨੂੰ ਦੁਪਿਹਰ 2 ਵਜੇ ਬੱਸ ਰਾਹੀਂ ਸ਼ੰਕਰਾ ਹਸਪਤਾਲ ਲੁਧਿਆਣਾ ਭੇਜਿਆ ਜਾਵੇਗਾ। ਜਿੱਥੇ ਮਰੀਜ਼ਾਂ ਦੇ ਅਪ੍ਰੇਸ਼ਨ ਹੋਣਗੇ, ਉਨ੍ਹਾਂ ਦੇ ਰਹਿਣ ਅਤੇ ਖਾਣ- ਪੀਣ ਦਾ ਵਧੀਆ ਤੇ ਮੁ਼ਫਤ ਪ੍ਰਬੰਧ ਹੋਵੇਗਾ।

## ਇਹ ਕੈਂਪ ਪਿੰਡ ਭੰਗਵਾਂ ਦੀ ਸੰਗਤ, ਭਾਈ ਜੁਗਰਾਜ ਸਿੰਘ ਭੰਗਵਾਂ ਅਤੇ ਬੀਬੀ ਜਸਮੀਤ ਕੌਰ ਛੀਨਾ ਵੱਲੋਂ ਸਾਂਝੇ ਤੌਰ ’ਤੇ ਲਗਾਇਆ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**ਭਾਈ ਜੁਗਰਾਜ ਸਿੰਘ ਭੰਗਵਾਂ ਮੋਬਾਇਲ ਨੰ : 95921- 60315**
**ਬੀਬੀ ਜਸਮੀਤ ਕੌਰ ਛੀਨਾ ਮੋਬਾਇਲ ਨੰ : 98559 - 73085**




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

# ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥



ਆਵਾਜ਼ਿ ਕੌਮ AWAZE QAUM International Newspaper & WEB TV

## ਪੰਥ ਰਤਨ, ਬ੍ਰਹਮ ਗਿਆਨੀ ਸੰਤ ਗਿ: ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜੀ

ਨੂੰ ਉਹਨਾਂ ਦੀ ਬਰਸੀ ਤੇ ਕੋਟਿ ਕੋਟਿ ਪ੍ਰਣਾਮ



**ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ**
ਮੁੱਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ

ਪੰਥ ਰਤਨ, ਬ੍ਰਹਮਗਿਆਨੀ ਮਹਾਂਪੁਰਖਾਂ ਸ਼੍ਰੀਮਾਨ ਸੰਤ ਬਾਬਾ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ 11ਵੇਂ ਮੁਖੀ ਦਮਦਮੀ ਟਕਸਾਲ । ਉਹਨਾਂ ਸਤਿ ਪੁਰਸ਼ ਮਹਾਂਪੁਰਸ਼ਾਂ ਦਾ 4 ਫੱਗਣ ਨੂੰ ਸੱਚਖੰਡ ਗਮਨ ਦਿਹਾੜ੍ਹਾ ਹੈ । ਸਮੁੱਚੀ ਦਮਦਮੀ ਟਕਸਾਲ ਜਥੇਬੰਦੀ ਵੱਲੋਂ ਮਹਾਂਪੁਰਸ਼ਾਂ ਦੇ ਚਰਨਾਂ 'ਚ ਕੋਟਿ ਕੋਟਿ ਪ੍ਰਣਾਮ

**ਵੱਲੋਂ :- ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ**

ਬਰਸੀ 'ਤੇ ਵਿਸ਼ੇਸ਼

# ਆਤਮ-ਰਸੀ ਆਤਮਾ - ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ

**ਰੱਬੀ** ਰੰਗ ਵਿੱਚ ਰੰਗੀ ਆਤਮ-ਰਸੀ ਆਤਮਾ ਦੇ ਮਾਲਕ, ਪਰਉਪਕਾਰੀ, ਹਰ ਪਲ ਗੁਰਮਤਿ ਦੀ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਆਪਣਾ ਜੀਵਨ ਮਨੋਰਥ ਸਮਝਣ ਵਾਲੇ ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ (ਸੰਪਰਦਾਇ ਭਿੰਡਰਾਂ) ਅਜਿਹੀ ਉੱਘੀ ਤੇ ਸਿੱਖ ਜਗਤ ਵਿੱਚ ਜਾਣੀ ਪਛਾਣੀ ਧਾਰਮਿਕ ਸ਼ਖ਼ਸੀਅਤ ਸਨ, ਜਿਨ੍ਹਾਂ ਆਪਣੇ ਜੀਵਨ ਦੌਰਾਨ ਸ੍ਰੀ ਗੁਰੂ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੀ

ਆਵਾਜ਼ਿ ਕੌਮ AWAZE QAUM International Newspaper & WEB TV




ਉਨੀਂ ਸੰਪੂਰਨ ਕਥਾ ਕੀਤੀਆਂ ।ਸਮੁੱਚੇ ਸੰਸਾਰ ਵਿੱਚ ਵੱਸਣ ਵਾਲੇ ਕਰੋੜਾਂ ਸਿੱਖਾਂ ਨੂੰ ਲਗਪਗ 1300 ਅਜਿਹੇ ਕਥਾ ਵਾਚਕ ਵਿੱਦਿਆਰਥੀ ਦਿੱਤੇ ।ਜਿਨ੍ਹਾਂ ਦੁਨੀਆਂ ਭਰ ਵਿੱਚ ਸਿੱਖਾਂ ਵੱਲੋਂ ਸਥਾਪਤ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਵਿੱਚ ਲੱਖਾਂ ਸਿੱਖ ਸੰਸਥਾਂ ਜੀਵਨ ਜੁਗਤਿ ਸਮਝਾਈ ।ਇਨ੍ਹਾਂ ਕਥਾ-ਵਾਚਕਾਂ, ਟਕਸਾਲੀ ਗ੍ਰੰਥੀ ਸਿੰਘਾਂ ਨੂੰ ਸਿੱਖ ਜਗਤ ਨੇ ਪੂਰਾ ਮਾਣ ਸਨਮਾਨ ਦਿੱਤਾ ।ਇਨ੍ਹਾਂ ਨੇ ਬਤੌਰ ਗੁਰਮਤਿ ਦੀ ਰੋਸ਼ਨੀ ਵਿੱਚ ਪ੍ਰਚਾਰ ਕਰਨ ਵਾਲੇ ਸੈਂਕੜੇ ਗੁਰਮੁੱਖਾਂ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ, ਤਖ਼ਤ ਸਾਹਿਬਾਨ ਤੇ ਗੁਰਮਤਿ ਦੀ ਟਕਸਾਲੀ ਸਿੱਖਿਆ ਨੂੰ ਪ੍ਰਚਾਰਨ ਲਈ ਯੋਗਦਾਨ ਪਾਇਆ ।ਸੰਤ ਗਿਆਨੀ ਸੁੰਦਰ ਸਿੰਘ ਨੇ ਸੰਪਰਦਾਇ ਭਿੰਡਰਾਂ ਵੱਲੋਂ ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਲਈ ਜਿਹੜਾ ਸ਼ਲਾਘਾਯੋਗ ਕਾਰਜ ਕੀਤਾ, ਉਸ ਨੂੰ ਹਮੇਸ਼ਾਂ ਲਈ ਯਾਦ ਕੀਤਾ ਜਾਂਦਾ ਰਹੇਗਾ ।

-ਭਗਵਾਨ ਸਿੰਘ ਜੌਹਲ

bhagwansinghjohal@gmail.com
ਮੋਬਾਈਲ : 98143-24040



ਇਸ ਮਹਾਨ ਹਸਤੀ ਦਾ ਜਨਮ ਪਿਤਾ ਸ। ਖਜ਼ਾਨ ਸਿੰਘ ਤੇ ਮਾਤਾ ਮਹਿਤਾਬ ਕੌਰ ਦੇ ਗ੍ਰਹਿ ਵਿਖੇ 18 ਅਗਸਤ, 1883 ਈ: ਨੂੰ ਉਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭਿੰਡਰਕਲਾਂ ਵਿਖੇ ਹੋਇਆ ।ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਤੇ ਆਪਣੇ ਸਤਿਕਾਰਯੋਗ ਪਿਤਾ ਜੀ ਭਾਈ ਖਜ਼ਾਨ ਸਿੰਘ ਤੋਂ ਪ੍ਰਾਪਤ ਕੀਤੀ, ਜੋ ਆਪਣੇ ਸਮੇਂ ਉੱਘੇ ਟਕਸਾਲੀ ਵਿਦਵਾਨ ਸਨ ।ਇਸ ਤੋਂ ਪਿੱਛੋਂ ਪਿੰਡ ਦਾਦ ਦੇ ਉਦਾਸੀ ਸੰਤ ਪੰਡਿਤ ਜਵਾਲਾ ਦਾਸ ਅਤੇ ਪੰਡਿਤ ਭਗਤ ਰਾਮ ਤੋਂ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕੀਤਾ ।ਗੁਰਮਤਿ ਦੇ ਗਹਿਰ-ਗੰਭੀਰ ਅਧਿਐਨ ਲਈ ਸੰਤ ਗਿਆਨੀ ਸੁੰਦਰ ਸਿੰਘ ਨੇ ਸਮੁੱਚੇ ਮਾਲਵੇ ਖੇਤਰ ਭਰਮਣ ਕੀਤਾ, ਆਪਣੇ ਸਮੇਂ ਕਈ ਵਿਦਵਾਨਾਂ ਦੀ ਸੰਗਤ ਕੀਤੀ ।ਇਸ ਤੋਂ ਬਾਅਦ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਵੀ ਪੁੱਜੇ, ਪਰ ਅਜੇ ਅਜਿਹੇ ਮੁਰਸ਼ਦ ਦੀ ਤਲਾਸ਼ ਵਿੱਚ ਜੋ ਬੰਦਗੀ ਅਤੇ ਅਨੁਭਵੀ ਸਿੱਖਿਆ ਦਾ ਗਿਆਨ ਵੀ ਕਰਵਾ ਸਕੇ । ਆਖਰ 23-24 ਸਾਲ ਦੀ ਉਮਰ ਵਿੱਚ 1906 ਈ: ਵਿੱਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਕਸਬਾ ਮੁਰਾਲਾ (ਪਾਕਿਸਤਾਨ) ਵਿੱਚ ਉਸ ਸਮੇਂ ਦੀ ਉੱਘੀ ਸਿੱਖ ਧਾਰਮਿਕ ਸ਼ਖ਼ਸੀਅਤ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਦੀ ਸੇਵਾ ਵਿੱਚ ਜਾ ਹਾਜ਼ਰ ਹੋਏ ।ਉਨ੍ਹਾਂ ਦੇ ਲਾਡਲੇ ਸ਼ਿਸ਼ ਵਜੋਂ ਦੋ ਸਾਲ ਇਥੇ ਰਹਿ ਕੇ ਗੁਰਮਤਿ ਦੀ ਟਕਸਾਲੀ ਵਿੱਦਿਆ ਦਾ ਡੂੰਘਾ ਅਧਿਐਨ ਕੀਤਾ ।

ਜਦੋਂ ਗੁਰਮਤਿ ਵਿਚਾਰਧਾਰਾ ਵਿੱਚ ਪ੍ਰਪੱਕਤਾ ਹਾਸਲ ਹੋ ਗਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ 19 ਕਥਾ ਕਰਨ ਤੋਂ ਇਲਾਵਾ ਦੋ ਵਾਰ ਸ੍ਰੀ ਦਸਮ ਗ੍ਰੰਥ ਦੀ ਸੰਪੂਰਨ ਕਥਾ ਕੀਤੀ ।ਆਪਣੇ ਸੈਂਕੜੇ ਵਿੱਦਿਆਰਥੀਆਂ ਨੂੰ ਗੁਰਮਤਿ ਦੇ ਮਾਰਤੰਡ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸਵੱਈਆਂ, ਕਬਿਤਾਂ ਦੇ ਅਰਥਾਂ ਵਿੱਚ ਵੀ ਨਿਪੁੰਨ ਕੀਤਾ ।ਆਪ ਜੀ ਨੇ ਭਿੰਡਰਕਲਾਂ, ਬੋਪਾਰਾਏ, ਤਖ਼ਤੂਪੁਰਾ ਆਦਿ ਹੋਰ ਥਾਵਾਂ 'ਤੇ ਗੁਰਮਤਿ ਪ੍ਰਚਾਰ ਕੇਂਦਰ ਸਥਾਪਿਤ ਕੀਤੇ ।ਇਨ੍ਹਾਂ ਕੇਂਦਰਾਂ ਤੋਂ ਹਜ਼ਾਰਾਂ ਵਿੱਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਤੋਂ ਇਲਾਵਾ ਸਿੱਖ ਧਰਮ, ਵੇਦਾਂਤ ਅਤੇ ਹੋਰ ਅਨੇਕਾਂ ਗ੍ਰੰਥਾਂ ਦਾ ਅਧਿਐਨ ਕੀਤਾ ।ਆਪ ਜੀ ਨੇ ਮੋਗੇ ਦੇ ਨੇੜੇ ਪਿੰਡ ਰੋਡੇ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ 'ਤੇ ਸਕੂਲ ਦੀ ਸਥਾਪਨਾ ਕੀਤੀ, ਜੋ ਪਿੱਛੋਂ ਉੱਚ ਵਿੱਦਿਆ ਲਈ ਕਾਲਜ ਦਾ ਰੂਪ ਧਾਰਨ ਕਰ ਗਿਆ ।ਇਸ ਤੋਂ ਬਾਅਦ ਵਿੱਚ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਸਿੱਖਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਪਛੜਦਿਆਂ ਦੇਖ ਕੇ ਅੱਧੀ ਦਰਜਨ ਹੋਰ ਸਕੂਲ ਸਥਾਪਿਤ ਕੀਤੇ । ਜਿਨ੍ਹਾਂ ਵਿੱਚ ਭਿੰਡਰਕਲਾਂ, ਕੋਕਰੀਕਲਾਂ, ਬੋਪਾਰਾਏ ਕਲਾਂ, ਤਖ਼ਤੂ ਪੁਰਾ, ਰਾਏ ਕੋਟ ਵਰਗੇ ਵੱਡੇ ਪਿੰਡਾਂ ਵਿੱਚ ਸੰਗਤ ਦੇ ਸਹਿਯੋਗ ਨਾਲ ਇਹ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ।

ਇਨ੍ਹਾਂ ਦੇ ਜੀਵਨ ਕਾਲ ਦੇ ਇਨ੍ਹਾਂ ਵਰ੍ਹਿਆਂ ਵਿੱਚ ਗੁਰਧਾਮਾਂ ਦੀ ਅਜ਼ਾਦੀ ਲਈ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ ।ਇਸ ਵੱਡੇ ਸੰਘਰਸ਼ ਵਿੱਚ ਸ਼ਾਮਿਲ ਹੋਣ ਲਈ ਹਕੂਮਤ ਦੀਆਂ ਵਧੀਕੀਆਂ ਦੇ ਵਿਰੋਧ ਵਿੱਚ ਸਿੱਖ ਪਰਿਵਾਰਾਂ ਵਿੱਚ ਸਖ਼ਤ ਰੋਹ ਦੀ ਲਹਿਰ ਚੱਲ ਰਹੀ ਸੀ ।ਮਾਲਵੇ ਦੇ ਇਲਾਕੇ ਵਿੱਚ ਗੁਰਧਾਮਾਂ ਦੀ ਹੋ ਰਹੀ ਬੇਅਦਬੀ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਛੁਟਕਾਰਾ ਦਿਵਾਉਣ ਲਈ ਸੰਘਰਸ਼ ਕਰ ਰਹੇ ਸਿੱਖ ਯੋਧਿਆਂ ਨੂੰ ਵਿਸ਼ੇਸ਼ ਸਹਿਯੋਗ ਦੇ ਕੇ ਚਾਲੀ ਮੁਕਤਿਆਂ ਦੀ ਪਾਵਨ ਧਰਤੀ ਸ੍ਰੀ ਮੁਕਤਸਰ ਸਾਹਿਬ ਦੇ ਗੁਰਧਾਮਾਂ ਅਤੇ ਗੁਰਦੁਆਰਾ ਪਾਤਸ਼ਾਹ ਦੱਸਵੀਂ ਹੇਰਾਂ ਦੇ ਗੁਰੂ ਘਰਾਂ ਦੀ ਸੇਵਾ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਵਾਉਣ ਵਿੱਚ ਆਪਣਾ ਯੋਗਦਾਨ ਪਾਇਆ ।

ਆਪਣਾ ਪੂਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ, ਲੱਖਾਂ ਸਿੱਖ ਸੰਗਤ ਨੂੰ ਗੁਰਮਤਿ ਸਿੱਖਿਆ, ਗੁਰਬਾਣੀ ਵਿਆਖਿਆ ਨੂੰ ਸਮਰਪਿਤ ਕੀਤਾ । ਉਨ੍ਹਾਂ ਦਾ ਨਿਸ਼ਚਾ ਸੀ, ਦੇਸ਼ ਦੁਨੀਆਂ ਵਿੱਚ ਰਹਿਣ ਵਾਲਾ ਹਰ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸ਼ਹੀਦਾਂ, ਮਰਜੀਵੜਿਆਂ ਦੇ ਇਤਿਹਾਸ ਤੋਂ ਜਾਣੂ ਹੋਵੇ ।ਆਪਣੇ ਜੀਵਨ ਦੇ ਬੇਸ਼ਕੀਮਤੀ ਵਰ੍ਹੇ ਗੁਰੂ ਸਾਹਿਬਾਨ ਦੀ ਇਸ ਪਾਵਨ ਧਰਤੀ ਤੇ ਸਿੱਖ ਸੰਗਤ ਵਿੱਚ ਵਿਚਰਦਿਆਂ ਗੁਰਮਤਿ ਦਾ ਹੋਕਾ ਦਿੰਦਿਆਂ ਬਤੀਤ ਕੀਤੇ ।47-48 ਸਾਲ ਦੀ ਆਯੂ ਵਿੱਚ 15 ਫ਼ਰਵਰੀ, 1930 ਈ: ਨੂੰ ਗੁਰਦੁਆਰਾ ਸਚਖੰਡ ਸਾਹਿਬ ਬੋਪਾਰਾਏ ਕਲਾਂ ਵਿਖੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਭੇਦ ਹੋ ਗਏ ।ਹਰ ਸਾਲ ਹੀ ਆਪ ਜੀ ਦੀ ਪਾਵਨ ਯਾਦ ਗੁ: ਸਚਖੰਡ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਆਯੋਜਿਤ ਕੀਤੇ ਜਾਂਦੇ ਹਨ । ਇਸ ਰਸੀ ਹੋਈ ਆਤਮਾ ਨੂੰ ਸਾਡਾ ਪ੍ਰਣਾਮ।

ਪੱਤਰਕਾਰਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ - ਐਮਐਲਏ ਜੀਵਨ ਜੋਤ ਕੌਰ

# ਪੱਤਰਕਾਰ ਲੋਕਤੰਤਰ ਦਾ ਚੌਥਾ ਸਤੰਭ - ਮੇਅਰ ਭਾਟੀਆ

**ਚੌਕ ਮਹਿਤਾ 15 ਫ਼ਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪ੍ਰੈਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ (ਰਜਿ.) ਦਾ 14ਵਾਂ ਸਲਾਨਾ ਸੰਮੇਲਨ ਅੱਜ ਬੀਬੀ ਕੌਲਾਂ ਜੀ ਸਕੂਲ, ਤਰਨ ਤਾਰਨ ਰੋਡ, ਅੰਮ੍ਰਿਤਸਰ ਵਿਖੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬ ਦੇ ਨਾਲ-ਨਾਲ ਬਾਹਰੀ ਸੂਬਿਆਂ ਤੋਂ ਵੀ ਪੱਤਰਕਾਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਜੀਵਨ ਜੋਤ ਕੌਰ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਆਪ ਦੇ ਸੀਨੀਅਰ ਆਗੂ ਕਪਿਲ ਚੱਢਾ, ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਧਰਮਪਤਨੀ ਸ਼੍ਰੀਮਤੀ ਸੁਰਿੰਦਰ ਕੌਰ, ਕੌਂਸਲਰ ਵਿਕਾਸ ਸੋਨੀ, ਆਪ ਦੇ ਸੀਨੀਅਰ ਆਗੂ ਅਰਵਿੰਦਰ ਭੱਟੀ ਅਤੇ ਡਿਪਟੀ ਡੀ.ਈ.ਓ. ਮੈਡਮ ਰੇਖਾ ਮਹਾਜਨ, ਸਮਾਜ ਸੇਵਕ ਸੁਖਰਾਜ ਸਿੰਘ ਸੋਹਲ ਉਚੇਚੇ ਤੌਰ 'ਤੇ ਪਹੁੰਚੇ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਬੋਲਦਿਆਂ ਵਿਧਾਇਕ ਜੀਵਨ ਜੋਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਪੱਤਰਕਾਰਾਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੀਆਂ ਜਾਇਜ਼ ਮੰਗਾਂ ਨੂੰ ਮੁੱਖ ਮੰਤਰੀ ਤੱਕ ਪਹੁੰਚਾ ਕੇ ਹੱਲ ਕਰਵਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਸਤੰਭ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਸਰਕਾਰ ਪੱਤਰਕਾਰ ਭਾਈਚਾਰੇ ਦੇ ਨਾਲ ਚਟਾਨ ਵਾਂਗ ਖੜੀ ਹੈ। ਸਮਾਗਮ ਦੌਰਾਨ ਯੂਨੀਅਨ ਪ੍ਰਧਾਨ ਅੱਗੇ ਕਈ ਨਵੀਆਂ ਪੇਸ਼ਕਸ਼ਾਂ ਅਤੇ ਵਿਚਾਰ ਰੱਖੇ ਗਏ। ਇਸ 'ਤੇ ਬੋਲਦਿਆਂ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਕਿਹਾ ਕਿ ਜਲਦ ਹੀ ਇਨ੍ਹਾਂ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਕੇ ਫੈਸਲੇ ਲਏ ਜਾਣਗੇ। ਇਸ ਮੌਕੇ ਸੰਸਥਾ ਵੱਲੋਂ ਸਾਲ 2026 ਦਾ ਕੈਲੰਡਰ ਵੀ ਜਾਰੀ ਕੀਤਾ ਗਿਆ ਅਤੇ ਸਾਰੇ ਸਾਥੀਆਂ ਨੂੰ ਵਧਾਈ ਦਿੱਤੀ ਗਈ। ਇਸ ਅਵਸਰ 'ਤੇ ਪੰਜਾਬ ਮੀਡੀਆ ਟਾਈਮਜ਼ ਦੇ ਐਡੀਟਰ-ਇਨ-ਚੀਫ ਕੇ. ਐਲ. ਜੀਤ ਵਾਲੀਆ, ਸੀਨੀਅਰ ਪੱਤਰਕਾਰ ਇੰਦਰਜੀਤ ਅਰੋੜਾ, ਪ੍ਰਦੀਪ ਗੋਇਲ, ਗੁਰਮੀਤ ਸੂਰੀ, ਕਮਲ ਭਲਵਾਨ, ਰਮਨ,ਸੰਜੇ ਕਪੂਰ,ਐਸ. ਕੋਂਡਲ ਆਰ. ਕੇ. ਸੋਨੀ, ਸੰਜੀਵ ਅਰੋੜਾ (ਬਿੱਟੂ ਮਿਰਚਾਂ ਵਾਲੇ), ਸੁਮੀਤ ਕੰਬੋਜ, ਤਰਸੇਮ ਸਿੰਘ, ਭੁਪਾਲ, ਜੋਗਿੰਦਰ ਜੋੜਾ, ਪੁਸ਼ਿਪੰਦਰ ਬੰਟੀ, ਕਰਨ ਕਪੂਰ, ਮੋਹਨ ਹੰਸ, ਸੰਜੀਵ ਨਈਅਰ, ਵਜਿੰਦਰ ਕਸ਼ਿਅਪ, ਡਾ. ਪ੍ਰਦੀਪ, ਸੋਨੂ, ਸੁਖਵਿੰਦਰ ਸਿੰਘ, ਵਰਿੰਦਰ ਸਿੰਘ, ਗੁਰਵਿੰਦਰ ਸਿੰਘ, ਦਿਨੇਸ਼ ਵਾਲੀਆ, ਸਰਬਜੀਤ ਸਿੰਘ, ਨਰਿੰਦਰਪਾਲ, ਸਾਹਬ ਸਿੰਘ, ਵਿਜੇ ਭਾਰਗਵ, ਜਗਜੀਤ ਸਿੰਘ ਸੱਗੂ, ਮੁਕੇਸ਼ ਬੇਦੀ, ਰਜਿੰਦਰ ਬਲਗਣ, ਵਿਪਨ, ਗੌਰਵ ਅਰੋੜਾ, ਹਰਨੀਤ ਸਿੰਘ, ਤਰਸੇਮ ਚੰਦ ਮੋਨੂੰ, ਨਰਿੰਦਰ ਰਾਏ, ਗੁਰਪਾਲ ਰਾਏ, ਸਾਜਨ, ਦਕਸ਼ ਭਾਟੀਆ, ਰਾਮਸ਼ਰਨਜੀਤ ਸਿੰਘ, ਮੰਗਲਦੀਪ ਸਿੰਘ, ਦਵਿੰਦਰ ਪੁਰੀ, ਸੁਸ਼ੀਲ ਸ਼ਰਮਾ, ਮੁਕੇਸ਼ ਪਠਾਨਕੋਟ, ਗੁਰਦੇਵ ਸਿੰਘ, ਗੁਲਸ਼ਨ, ਅਨੀਤਾ ਕੁਮਾਰੀ, ਸੁਰਿੰਦਰ ਸ਼ਰਮਾ, ਸੁਬਾਸ਼ ਚੰਦਰ, ਕੇਵਲ ਕਟੋਚ, ਗੁਰਮੀਤ ਮੁਕੇਰੀਆਂ, ਹਰਦੀਪ ਭੰਵਰਾ , ਮਨੀ, ਸੁਦੇਸ਼ ਕੁਮਾਰ, ਦਵਿੰਦਰ ਪੁਰੀ, ਸੁਸ਼ੀਲ ਸ਼ਰਮਾ, ਮਲਕੀਤ, ਕਰਮਜੀਤ ਸਿੰਘ, ਜਸਬੀਰ, ਗੁਰਦੇਵ ਸਿੰਘ, ਰਮੇਸ਼ ਭਾਟੀਆ, ਜਤਿੰਦਰ, ਭੁਪਿੰਦਰ ਸੋਢੀ, ਨੀਰਜ ਕੁਮਾਰ, ਅਸ਼ੋਕ ਕੁਮਾਰ ਆਦਿ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ ਪੱਤਰਕਾਰ ਹਾਜ਼ਰ ਸਨ।




## ਪ੍ਰੈਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਨੇ ਮਨਾਈ 14ਵੀਂ ਵਰ੍ਹੇਗੰਢ

# ਸੇਵੀਅਰ ਕਲੱਬ (ਰਜਿ.) ਵੱਲੋਂ ਸਫਾਈ ਮੁਹਿੰਮ ਦਾ ਆਗਾਜ਼



**ਪਟਿਆਲਾ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ 'ਤੇ ਸੇਵੀਅਰ ਕਲੱਬ (ਰਜਿ.) ਪਟਿਆਲਾ ਦੇ ਮੈਂਬਰਾਂ ਵੱਲੋਂ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦੀ ਸ਼ੁਰੂਆਤ ਮਹਾਰਾਜਾ ਯਾਦਵਿੰਦਰਾ ਇਨਕਲੇਵ (ਨਾਭਾ ਰੋਡ) ਦੇ ਮੇਨ ਗੇਟ ਦੇ ਨਾਲ ਬਣੀ ਨਵੀਂ ਮਾਰਕੀਟ ਦੇ ਖੇਤਰ ਤੋਂ ਕੀਤੀ ਗਈ। ਇਸ ਤੋਂ ਬਾਅਦ ਕਲੱਬ ਦੇ ਮੈਂਬਰ ਕਾਲੋਨੀ ਅਤੇ ਮੇਨ ਗੇਟ ਦੇ ਸਾਹਮਣੇ ਸਥਿਤ ਅਬਲੋਵਾਲ (ਨਾਭਾ ਰੋਡ) ਦੀ ਪੁਲੀ 'ਤੇ ਪਹੁੰਚੇ, ਜਿੱਥੇ ਪਲਾਸਟਿਕ ਦੇ ਲਿਫਾਫੇ, ਬੇਕਾਰ ਪਲਾਸਟਿਕ ਸਮੱਗਰੀ ਅਤੇ ਹੋਰ ਕੂੜਾ-ਕਰਕਟ ਨੂੰ ਵੱਡੇ ਥੈਲਿਆਂ ਵਿੱਚ ਇਕੱਠਾ ਕੀਤਾ ਗਿਆ। ਇਹ ਸਫਾਈ ਅਭਿਆਨ ਲਗਭਗ ਦੋ ਘੰਟਿਆਂ ਤੱਕ ਲਗਾਤਾਰ ਚੱਲਦਾ ਰਿਹਾ। ਇਸ ਦੌਰਾਨ ਅਬਲੋਵਾਲ ਦੇ ਐਮਸੀ ਸੁਖਬੀਰ ਸਿੰਘ ਨੇ ਅਭਿਆਨ ਵਿੱਚ ਸ਼ਿਰਕਤ ਕਰਦੇ ਹੋਏ ਕਲੱਬ ਦੇ ਇਸ ਉਪਰਾਲੇ ਦੀ ਸਰਾਹਨਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਅਤੇ ਜਨਤਾ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਵੱਡੇ ਪੱਧਰ 'ਤੇ ਸਫਾਈ ਮੁਹਿੰਮ ਚਲਾਈ ਜਾਵੇਗੀ। ਅਬਲੋਵਾਲ ਤੋਂ ਭਾਖੜਾ ਨਹਿਰ ਤੱਕ ਫੈਲੀ ਗੰਦਗੀ ਨੂੰ ਦੂਰ ਕਰਕੇ ਇਲਾਕੇ ਦੀ ਕਾਇਆ-ਕਲਪ ਕੀਤੀ ਜਾਵੇਗੀ। ਇਕੱਠੇ ਕੀਤੇ ਗਏ ਸਾਰੇ ਕੂੜੇ ਨੂੰ ਪੰਜਾਬੀ ਬਾਗ ਦੇ ਡੰਪ ਵਿੱਚ ਪਹੁੰਚਾ ਕੇ ਉਸ ਦਾ ਢੰਗ ਨਾਲ ਨਿਪਟਾਰਾ ਕੀਤਾ ਗਿਆ। ਇਸ ਸਫਾਈ ਮੁਹਿੰਮ ਵਿੱਚ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ ਅਤੇ ਹਰਸਿਮਰ ਕੌਰ ਸਮੇਤ ਹੋਰ ਮੈਂਬਰਾਂ ਨੇ ਭਾਗ ਲਿਆ। ਕਲੱਬ ਦੇ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਸਫਾਈ ਮੁਹਿੰਮ ਹਰ ਐਤਵਾਰ ਦੋ ਘੰਟਿਆਂ ਲਈ ਨਿਰੰਤਰ ਜਾਰੀ ਰਹੇਗੀ। ਇਸ ਤੋਂ ਇਲਾਵਾ ਇਲਾਕੇ ਦੀ ਸੁੰਦਰਤਾ ਵਧਾਉਣ ਲਈ ਸਜਾਵਟੀ ਅਤੇ ਪੱਕੇ ਬੂਟੇ ਲਗਾਉਣ ਦੀ ਯੋਜਨਾ ਵੀ ਬਣਾਈ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਹੋਲੇ ਮਹੱਲੇ ਦੇ 57ਵੇਂ ਧਾਰਮਿਕ ਦੀਵਾਨ 18 ਤੋਂ ਸ਼ੁਰੂ

## ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ : ਸੰਤ ਬਾਬਾ ਸੱਜਣ ਸਿੰਘ

**ਚੌਕ ਮਹਿਤਾ, 15 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਇਤਿਹਾਸਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ) ਦੇ ਮੁੱਖ ਸੇਵਾਦਾਰ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਦੀ ਯੋਗ ਅਗਵਾਈ 'ਚ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ 18 ਤੋਂ 23 ਫਰਵਰੀ ਤੱਕ ਹੋਲੇ ਮਹੱਲੇ ਦੇ 57ਵੇਂ ਸਾਲਾਨਾ ਧਾਰਮਿਕ ਦੀਵਾਨ ਸ਼ਰਧਾ ਤੇ ਉਤਸ਼ਾਹ ਨਾਲ ਸਜਾਏ ਜਾਣਗੇ। ਅੱਜ ਇੱਥੇ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ 'ਚ ਦੁਪਹਿਰ 1 ਤੋਂ ਸ਼ਾਮ 5 ਵਜੇ ਤੱਕ ਰੋਜ਼ਾਨਾ ਦੀਵਾਨ ਸਜਿਆ ਕਰਨਗੇ, ਜਿਨ੍ਹਾਂ 'ਚ ਗਿਆਨੀ ਹਰਪਾਲ ਸਿੰਘ ਢੰਡ ਦੇ ਢਾਡੀ ਜਥੇ ਤੋਂ ਇਲਾਵਾ 18 ਫਰਵਰੀ ਨੂੰ ਭਾਈ ਕੁਲਵਿੰਦਰ ਸਿੰਘ ਢਾਡੀ ਜਥਾ, 19 ਫਰਵਰੀ ਨੂੰ ਭਾਈ ਲਖਬੀਰ ਸਿੰਘ ਮਸਤ ਕਵੀਸ਼ਰ, 20 ਨੂੰ ਭਾਈ ਸਤਨਾਮ ਸਿੰਘ ਬੱਲੋਵਾਲੀ, 21 ਫਰਵਰੀ ਨੂੰ ਭਾਈ ਨਿਰਮਲ ਸਿੰਘ ਬਰਿਆਰ ਤੇ ਭਾਈ ਸੁਲੱਖਣ ਸਿੰਘ ਯੂ. ਕੇ., 22 ਫਰਵਰੀ ਨੂੰ ਭਾਈ ਗੁਰਮੁਖ ਸਿੰਘ ਐੱਮ. ਏ. ਅਤੇ 23 ਫਰਵਰੀ ਨੂੰ ਭਾਈ ਸੁਲੱਖਣ ਸਿੰਘ ਰਿਆੜ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਵਾ ਕੇ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਟੇਡੀਅਮ ਗੁਰੂ ਕੀ ਬੇਰ ਸਾਹਿਬ ਵਿਖੇ ਕਬੱਡੀ ਦੇ ਮੈਚ ਵੀ ਕਰਵਾਏ ਜਾਣਗੇ। ਇਸ ਦੌਰਾਨ 22 ਫਰਵਰੀ ਨੂੰ ਸੱਦੇ ਹੋਏ ਪਹਿਲਵਾਨਾਂ ਦੇ ਘੋਲ ਹੋਣਗੇ ਅਤੇ 23 ਫਰਵਰੀ ਨੂੰ ਸ਼ਾਮ 4 ਵਜੇ ਮਾਝੇ ਅਤੇ ਮਾਲਵੇ ਦੀਆਂ ਕਬੱਡੀ ਟੀਮਾਂ ਵਿਚਕਾਰ ਜ਼ਬਰਦਸਤ ਮੈਚ ਖੇਡੇ ਜਾਣਗੇ। ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਜੀ ਇਲਾਕੇ ਦੀਆਂ ਸੰਗਤਾਂ ਨੂੰ ਹਰ ਰੋਜ਼ ਸਮੇਂ ਸਿਰ ਇਨ੍ਹਾਂ ਦੀਵਾਨਾਂ 'ਚ ਪਹੁੰਚ ਕੇ ਗੁਰੂ ਸਾਹਿਬਾਨ ਦਾ ਇਤਹਾਸ ਸੁਣਨ ਤੇ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV

# 13 ਲੋੜਵੰਦ ਧੀਆਂ ਦੇ ਵਿਆਹ ਸਮਾਗਮ ਪਿੱਛੋਂ ਰਾਜ ਗਿੱਲ ਝੱਲੀ ਯੂ.ਐੱਸ.ਏ ਵਾਲਿਆਂ ਨੇ ਸਾਰਿਆਂ ਦਾ ਕੀਤਾ ਧੰਨਵਾਦ

ਜਗਰਾਉਂ -(ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਾਣੂੰਕੇ ਸੰਧੂ ਵਿਖੇ 13 ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਸ਼ੁਭ ਵਿਆਹ ਕਰਨ ਪਿੱਛੋਂ ਰਾਜ ਗਿੱਲ ਝੱਲੀ ਯੂ.ਐੱਸ.ਏ ਵਾਲਿਆਂ ਨੇ ਜਿੱਥੇ ਵਿਆਹ ਸਮਾਗਮ ਵਿੱਚ ਸੇਵਾਵਾਂ ਨਿਭਾਉਣ ਲਈ ਆਪਣੀ ਪੂਰੀ ਟੀਮ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਉੱਥੇ ਸਮੁੱਚੀ ਗ੍ਰਾਮ ਪੰਚਾਇਤ ਪਿੰਡ ਮਾਣੂੰਕੇ, ਅਤੇ 13 ਧੀਆਂ ਨੂੰ ਅਸ਼ੀਰਵਾਦ ਦੇਣ ਲਈ ਵਿਆਹ ਸਮਾਗਮ ਵਿੱਚ ਪੁੱਜੀਆਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ, ਸੰਤਾਂ ਮਹਾਂਪੁਰਸ਼ਾਂ, ਵੱਖ ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਦਾ ਵੀ ਧੰਨਵਾਦ ਕੀਤਾ, ਪ੍ਰੈਸ ਨਾਲ ਗੱਲਬਾਤ ਕਰਦਿਆਂ ਰਾਜ ਗਿੱਲ ਝੱਲੀ ਯੂ ਐੱਸ ਏ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪਿਤਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ 13 ਧੀਆਂ ਦੇ ਆਪਣੀ ਟੀਮ ਨਾਲ ਮਿਲ ਕੇ ਵਿਆਹ ਕਰਨ ਲਈ, ਕਦਮ ਚੁੱਕੇ ਸਨ। ਜੋ ਸਤਿਗੁਰਾਂ ਨੇ ਮਿਹਰ ਭਰਿਆ ਸਿਰ ਤੇ ਹੱਥ ਰੱਖ ਕੇ ਆਪ ਹੀ ਸਾਰੇ ਕਾਰਜ ਨੇਪਰੇ ਚੜ੍ਹਵਾਏ, ਗੁਰੂ ਸਾਹਿਬ ਦਾ ਕੋਟਿ ਕੋਟਿ ਸ਼ੁਕਰਾਨਾ, ਇਸ ਤੋਂ ਇਲਾਵਾ ਉਨ੍ਹਾਂ ਡੀ ਐੱਸ ਪੀ ਰਾਏਕੋਟ, ਥਾਣਾ ਹਠੂਰ ਦੇ ਮੁਖੀ ਸਮੇਤ ਪੁਲਿਸ ਪਾਰਟੀ ਦਾ ਵੀ ਧੰਨਵਾਦ ਕੀਤਾ, ਤੇ ਵਿਆਹ ਬੰਧਨ ਵਿੱਚ ਬੱਝੇ 13 ਨਵੇਂ ਵਿਆਹੇ ਜੋੜਿਆਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅੰਤ ਵਿੱਚ ਉਨ੍ਹਾਂ ਫੇਰ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

## ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ

# ਆਈ.ਪੀ.ਐਸ ਸ਼ਿਰੀਵਿਨੇਲਾ ਅਤੇ ਡੀ.ਐਸ.ਪੀ. ਅਰੁਣ ਸ਼ਰਮਾ ਨੇ ਕੀਤੀ ਇਨਾਮਾਂ ਦੀ ਵੰਡ




**ਚੌਕ ਮਹਿਤਾ, 15 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਕ ਵਲੋਂ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਗਰਾਊਂਡ ਵਿਖੇ ਕਰਵਾਇਆ ਗਿਆ। ਸਕੂਲ ਵਲੋਂ 'ਸ਼ਾਨਦਾਰ ਸੰਗੀਤਕ ਪ੍ਰੋਗਰਾਮ' ਥੀਮ ਤਹਿਤ ਕਰਵਾਏ ਗਏ ਵਿਸ਼ਾਲ ਸਮਾਰੋਹ ਦੌਰਾਨ ਬਤੌਰ ਮੁੱਖ ਮਹਿਮਾਨ ਸ਼੍ਰੀ.ਸਿਰੀ ਵਨੇਲਾ ਜੀ ਆਈ.ਪੀ.ਐਸ, ਵਧੀਕ ਡਿਪਟੀ ਕਮਿਸ਼ਨਰ ਪੁਲਿਸ , ਅੰਮ੍ਰਿਤਸਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ. ਅਰੁਣ ਸ਼ਰਮਾ ਡੀ.ਐੱਸ.ਪੀ, ਬਾਬਾ ਬਕਾਲਾ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸਕੂਲ ਦੇ ਚੇਅਰਮੈਨ ਸ: ਗੁਰਦੀਪ ਸਿੰਘ ਰੰਧਾਵਾ, ਮੈਨੇਜਿੰਗ ਡਾਇਰੈਕਟਰ ਸ:ਹਰਸ਼ਦੀਪ ਸਿੰਘ ਰੰਧਾਵਾ ਨੇ ਉਹਨਾਂ ਦਾ ਸਕੂਲ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ। ਉਪਰੰਤ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ।ਜਿਸ ਵਿੱਚ ਪੰਜਾਬੀ ਗਿੱਧਾ ਭੰਗੜਾ ਲੁੱਡੀ ਅਤੇ ਪੰਜਾਬੀ ਮਾਂ ਬੋਲੀ ਨਾਲ ਸੰਬੰਧਿਤ ਆਈਟਮਾਂ ਪੇਸ਼ ਕੀਤੀਆਂ ਗਈਆਂ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸ.ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਬੱਚਿਆਂ ਨੂੰ ਮੁੱਖ ਮਹਿਮਾਨ ਨਾਲ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਸ੍ਰੀ ਵਨੇਲਾ ਜੀ ਇੱਕ ਪੁਲਿਸ ਅਫਸਰ ਹੀ ਨਹੀਂ ਸਗੋਂ ਇੱਕ ਕਵੀ ,ਕ੍ਰਿਕਟਰ ਤੇ ਆਦਿ ਖੂਬੀਆਂ ਨਾਲ ਭਰੇ ਹਨ। ਸਾਨੂੰ ਵੀ ਉਹਨਾਂ ਵਾਂਗਰ ਜ਼ਿੰਦਗੀ ਵਿੱਚ ਅੱਗੇ ਵਧਣਾ ਚਾਹੀਦਾ ਹੈ ਤੇ ਬੁਲੰਦੀਆਂ ਨੂੰ ਛੂਹਣਾ ਚਾਹੀਦਾ ਹੈ,ਅੰਤ ਵਿੱਚ ਉਹਨਾਂ ਨੇ ਸਕੂਲ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਮੂਹ ਮਾਪਿਆ ਨੂੰ ਵੀ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਬਾਜਵਾ ਐਡੀਸ਼ਨਲ ਐਸ ਐਚ ਓ ਮਹਿਤਾ, ਸ: ਅਵਤਾਰ ਸਿੰਘ ਬੁੱਟਰ ਮੈਂਬਰ ਚੀਫ ਖਾਲਸਾ ਦੀਵਾਨ,ਪ੍ਰਿੰ: ਕੁਲਬੀਰ ਸਿੰਘ ਮਾਨ , ਪ੍ਰਿੰ ਕੁਲਵੰਤ ਸਿੰਘ ਕੋਹਾੜ, ਪ੍ਰਿੰ: ਜਤਿੰਦਰ ਸ਼ਰਮਾ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰ. ਗੌਰਵਜੀਤ ਸਿੰਘ, ਪ੍ਰਿੰ. ਹਰਜੋਤ ਸਿੰਘ , ਪ੍ਰਿ ਤੇਜਬੀਰ ਸਿੰਘ ਸੋਹਲ, ਸ ਬਲਕਾਰ ਸਿੰਘ, ਸੁਖਨਪਾਲ ਸਿੰਘ ਬੱਲ, ਅਮਰ ਰਾਵਤ, ਬਲਜਿੰਦਰ ਸਿੰਘ ਰਾਜੂ, ਕੈਪਟਨ ਜੋਗਿੰਦਰ ਸਿੰਘ,ਮੈ:ਸ਼ਾਮਬਵੀ ,ਪ੍ਰਿੰ ਗੁਰਬੀਰ ਕੌਰ, ਮੈ.ਹਰਪ੍ਰੀਤ ਕੌਰ, ਸ੍ਰੀ ਲਕਸ਼ਮਣ ਸਿੰਘ ਰਾਵਤ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## 9ਸ਼੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ, ਵੈਰੋ ਨੰਗਲ ਵਿੱਚ

# ਸਾਲਾਨਾ ਖੇਡਾਂ ਕਰਵਾਈਆਂ ਗਈਆਂ



ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾਵਾਂ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵੈਰੋ ਨੰਗਲ ਵਿਖੇ ਖੇਡ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਖਿਡਾਰੀਆਂ ਦੀ ਕੂਚ ਅਤੇ ਖੇਡ ਭਾਵਨਾ ਦੇ ਸੰਦੇਸ਼ ਨਾਲ ਹੋਈ। ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਖੇਡ ਮੇਲੇ ਦੌਰਾਨ ਦੌੜਾਂ, ਫੁਟਬਾਲ ਅਤੇ ਵਾਲੀਬਾਲ ਦੇ ਰੋਮਾਂਚਕ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਦੀ ਉਤਸ਼ਾਹ ਭਰੀ ਭਾਗੀਦਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਸ਼੍, ਨਰਿੰਦਰ ਸਿੰਘ ਬਾਠ, ਸ਼੍ਰੀਮਤੀ ਰਾਜਵੰਤ ਕੌਰ ਬਾਠ ਅਤੇ ਪ੍ਰਿੰਸੀਪਲ ਸ਼੍ਰੀਮਤੀ ਸ਼ਾਕਸ਼ੀ ਬੇਦੀ ਅਤੇ ਕੋਚ ਜੁਗਰਾਜ ਸਿੰਘ ਚੰਨਣਕੇ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ।


ਖੇਡ ਮੇਲੇ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਮੰਡਲ ਦੀ ਮਹੱਤਵਪੂਰਨ ਭੂਮਿਕਾ ਰਹੀ, ਜਿਨ੍ਹਾਂ ਵਿੱਚ ਹਰਪ੍ਰੀਤ ਕੌਰ ਨੱਟ, ਹਰਪ੍ਰੀਤ ਕੌਰ ਬੱਠ, ਰਾਜਬੀਰ ਕੌਰ, ਸੰਦੀਪ ਕੌਰ, ਜਸ਼ਨਪ੍ਰੀਤ ਕੌਰ, ਅਰਸ਼ਪ੍ਰੀਤ ਕੌਰ, ਰਮਨਦੀਪ ਕੌਰ, ਰਮਨਪ੍ਰੀਤ ਕੌਰ, ਸਿਮਰਨ ਕੌਰ, ਅਮਨਪ੍ਰੀਤ ਕੌਰ ਆਦਿ ਸ਼ਾਮਲ ਸਨ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ ਅਤੇ ਸਮਾਗਮ ਖੁਸ਼ਗਵਾਰ ਮਾਹੌਲ ਵਿੱਚ ਸੰਪੰਨ ਕੀਤਾ ਗਿਆ।




## ਮਨ ਦੀ ਸ਼ਕਤੀ: ਤਣਾਅ ਤੋਂ ਆਤਮ-ਵਿਸ਼ਵਾਸ ਤੱਕ ਦਾ ਸਫ਼ਰ

# ਭੂਮਿਕਾ: ਮਨੁ ਜੀਤੈ ਜਗੁ ਜੀਤੁ

ਗੁਰਬਾਣੀ ਦਾ ਇਹ ਮਹਾਨ ਵਾਕ 'ਮਨੁ ਜੀਤੈ ਜਗੁ ਜੀਤੁ' ਸਿਰਫ਼ ਇੱਕ ਧਾਰਮਿਕ ਉਪਦੇਸ਼ ਨਹੀਂ, ਸਗੋਂ ਜੀਵਨ ਜਿਊਣ ਦੀ ਸਭ ਤੋਂ ਵੱਡੀ ਮਨੋਵਿਗਿਆਨਕ ਕੁੰਜੀ ਹੈ।ਅੱਜ ਦੇ ਦੌਰ ਵਿੱਚ ਅਸੀਂ ਪੂਰੀ ਦੁਨੀਆ ਨੂੰ ਜਿੱਤਣ ਦੀ ਦੌੜ ਵਿੱਚ ਲੱਗੇ ਹੋਏ ਹਾਂ -ਵਧੀਆ ਨੌਕਰੀ, ਵੱਡਾ ਘਰ, ਮਹਿੰਗੀਆਂ ਗੱਡੀਆਂ ਅਤੇ ਸਮਾਜਿਕ ਰੁਤਬਾ। ਪਰ ਇਸ ਸਭ ਦੇ ਬਾਵਜੂਦ, ਇਨਸਾਨ ਅੰਦਰੋਂ ਖਾਲੀ ਅਤੇ ਹਾਰਿਆ ਹੋਇਆ ਮਹਿਸੂਸ ਕਰ ਰਿਹਾ ਹੈ। ਕਾਰਨ ਸਪੱਸ਼ਟ ਹੈ ਅਸੀਂ ਬਾਹਰਲੀ ਦੁਨੀਆ ਨੂੰ ਤਾਂ ਜਿੱਤਣ ਦੀ ਕੋਸ਼ਿਸ਼ ਕੀਤੀ, ਪਰ ਆਪਣੇ ਅੰਦਰਲੇ 'ਮਨ' ਨੂੰ ਵਿਸਾਰ ਦਿੱਤਾ।




ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ 'ਥੱਕ ਜਾਣਾ' ਸਿਰਫ਼ ਸਰੀਰਕ ਕਿਰਿਆ ਨਹੀਂ ਰਹੀ। ਜੇਕਰ ਤੁਸੀਂ ਸਾਰਾ ਦਿਨ ਕੰਮ ਨਾ ਵੀ ਕਰੋ, ਤਾਂ ਵੀ ਸ਼ਾਮ ਤੱਕ ਤੁਸੀਂ ਮਾਨਸਿਕ ਤੌਰ 'ਤੇ ਨਿਢਾਲ ਮਹਿਸੂਸ ਕਰਦੇ ਹੋ। ਇਹ ਥਕਾਵਟ ਰਿਸ਼ਤਿਆਂ ਦੀਆਂ ਉਲਝਣਾਂ, ਭਵਿੱਖ ਦੇ ਅਣਜਾਣ ਡਰ ਅਤੇ ਅਤੀਤ ਦੇ ਪਛਤਾਵੇ ਦੀਆਂ ਬੇੜੀਆਂ ਕਾਰਨ ਹੈ। ਇਨ੍ਹਾਂ ਬੇੜੀਆਂ ਨੇ ਸਾਡੀ ਅਸਲ 'ਬ੍ਰੇਨ ਪਾਵਰ' (ਦਿਮਾਗੀ ਸ਼ਕਤੀ) ਨੂੰ ਸੌਣ ਲਈ ਮਜਬੂਰ ਕਰ ਦਿੱਤਾ ਹੈ।

1. ਮਨ ਕਮਜ਼ੋਰ ਕਿਉਂ ਹੁੰਦਾ ਹੈ ? (ਨਦੀਨਾਂ ਦੀ ਪਛਾਣ)

ਸਾਡਾ ਮਨ ਇੱਕ ਬਹੁਤ ਹੀ ਉਪਜਾਊ ਬਗੀਚੇ ਵਰਗਾ ਹੈ। ਕੁਦਰਤ ਦਾ ਨਿਯਮ ਹੈ ਕਿ ਜੇਕਰ ਤੁਸੀਂ ਕਿਸੇ ਜ਼ਮੀਨ 'ਤੇ ਫੁੱਲ ਜਾਂ ਫਲਦਾਰ ਬੂਟੇ ਨਹੀਂ ਲਗਾਓਗੇ, ਤਾਂ ਉੱਥੇ ਨਦੀਨ (ਕੰਡੇਦਾਰ ਝਾੜੀਆਂ) ਆਪਣੇ ਆਪ ਉੱਗ ਜਾਣਗੇ। ਸਾਡੇ ਵਿਚਾਰ ਵੀ ਬਿਲਕੁਲ ਅਜਿਹੇ ਹੀ ਹਨ।

ੳ) ਨਕਾਰਾਤਮਕਤਾ ਦਾ ਹਮਲਾ: ਜਦੋਂ ਅਸੀਂ ਚੰਗੇ ਵਿਚਾਰਾਂ, ਚੰਗੀ ਸੰਗਤ ਅਤੇ ਸਾਰਥਕ ਕੰਮਾਂ ਵਿੱਚ ਮਨ ਨਹੀਂ ਲਗਾਉਂਦੇ, ਤਾਂ ਤਣਾਅ, ਈਰਖਾ ਅਤੇ ਡਰ ਵਰਗੇ ਨਦੀਨ ਮਨ ਦੀ ਸ਼ਾਂਤੀ ਨੂੰ ਖਾ ਜਾਂਦੇ ਹਨ।

ਅ) ਦੂਜਿਆਂ ਦੀਆਂ ਉਮੀਦਾਂ ਦਾ ਬੋਝ: ਅਸੀਂ ਅਕਸਰ ਉਹ ਬਣਨ ਦੀ ਕੋਸ਼ਿਸ਼ ਕਰਦੇ ਹਾਂ, ਜੋ ਦੂਜੇ ਸਾਨੂੰ ਦੇਖਣਾ ਚਾਹੁੰਦੇ ਹਨ। ਇਸ 'ਪ੍ਰਦਰਸ਼ਨ' ਦੀ ਦੌੜ ਵਿੱਚ ਮਨ ਅੰਦਰੋਂ ਕਮਜ਼ੋਰ ਹੋ ਜਾਂਦਾ ਹੈ।

ੲ) 'ਮੈਂ' ਦਾ ਹੰਕਾਰ: ਰਿਸ਼ਤਿਆਂ ਵਿੱਚ ਜਦੋਂ 'ਮੈਂ' (5✿✿) ਅੱਗੇ ਆ ਜਾਂਦੀ ਹੈ, ਤਾਂ ਮਨ ਵਿੱਚ ਹਮੇਸ਼ਾ ਇੱਕ ਜੰਗ ਚੱਲਦੀ ਰਹਿੰਦੀ ਹੈ, ਜੋ ਸਾਡੀ ਮਾਨਸਿਕ ਊਰਜਾ ਨੂੰ ਸੋਖ ਲੈਂਦੀ ਹੈ।

2. ਆਪਣੀ 'ਬ੍ਰੇਨ ਪਾਵਰ' ਨੂੰ ਕਿਵੇਂ ਜਗਾਈਏ ? (ਵਿਚਾਰਾਂ ਦੀ ਛਾਂਟੀ)

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਦਿਮਾਗ ਦੀ ਤਾਕਤ ਲਈ ਬਾਦਾਮ ਜਾਂ ਚੰਗੀ ਖ਼ੁਰਾਕ ਜ਼ਰੂਰੀ ਹੈ। ਪਰ ਮਾਨਸਿਕ ਵਿਗਿਆਨ ਕਹਿੰਦਾ ਹੈ ਕਿ ਦਿਮਾਗ ਨੂੰ ਤਾਕਤਵਰ ਬਣਾਉਣ ਲਈ 'ਖਾਣ' ਨਾਲੋਂ ਵੱਧ ਜ਼ਰੂਰੀ 'ਵਿਚਾਰਾਂ ਦੀ ਛਾਂਟੀ' ਕਰਨਾ ਹੈ।

ਪਾਣੀ ਦੇ ਗਲਾਸ ਦੀ ਮਿਸਾਲ:

ਇਸ ਨੁਕਤੇ ਨੂੰ ਸਮਝਣ ਲਈ ਇੱਕ ਸਰਲ ਉਦਾਹਰਨ ਲੈਂਦੇ ਹਾਂ। ਜੇਕਰ ਤੁਸੀਂ ਪਾਣੀ ਦਾ ਇੱਕ ਗਲਾਸ ਹੱਥ ਵਿੱਚ ਫੜਦੇ ਹੋ, ਤਾਂ 30 ਸਕਿੰਟਾਂ ਤੱਕ ਤੁਹਾਨੂੰ ਕੁਝ ਮਹਿਸੂਸ ਨਹੀਂ ਹੋਵੇਗਾ। ਜੇ ਤੁਸੀਂ ਉਸ ਨੂੰ 5 ਮਿੰਟ ਫੜੀ ਰੱਖੋਗੇ, ਤਾਂ ਤੁਹਾਡਾ ਹੱਥ ਥੱਕਣਾ ਸ਼ੁਰੂ ਹੋ ਜਾਵੇਗਾ। ਪਰ ਜੇ ਤੁਸੀਂ ਉਸੇ ਗਲਾਸ ਨੂੰ 5 ਘੰਟੇ ਜਾਂ ਸਾਰਾ ਦਿਨ ਫੜੀ ਰੱਖੋਗੇ, ਤਾਂ ਤੁਹਾਡਾ ਹੱਥ ਸੁੰਨ ਹੋ ਜਾਵੇਗਾ ਅਤੇ ਸ਼ਾਇਦ ਕੰਮ ਕਰਨ ਦੇ ਕਾਬਲ ਵੀ ਨਾ ਰਹੇ।

ਕੀ ਗਲਾਸ ਦਾ ਵਜ਼ਨ ਵਧਿਆ ? ਨਹੀਂ। ਪਰ ਜਿੰਨੀ ਦੇਰ ਤੁਸੀਂ ਉਸ ਨੂੰ ਫੜੀ ਰੱਖਿਆ, ਉਹ ਉਨਾ ਹੀ ਭਾਰੀ ਹੁੰਦਾ ਗਿਆ। ਤਣਾਅ ਵੀ ਬਿਲਕੁਲ ਅਜਿਹਾ ਹੀ ਹੈ। ਕਿਸੇ ਸਮੱਸਿਆ ਬਾਰੇ ਥੋੜ੍ਹੀ ਦੇਰ ਸੋਚਣਾ 'ਸੁਧਾਰ' ਹੈ, ਪਰ ਉਸ ਨੂੰ ਦਿਨ-ਰਾਤ ਫੜ ਕੇ ਬੈਠਣਾ 'ਮਾਨਸਿਕ ਅਧਰੰਗ' ਹੈ। ਆਪਣੀ ਬ੍ਰੇਨ ਪਾਵਰ ਜਗਾਉਣ ਦਾ ਪਹਿਲਾ ਕਦਮ ਹੈ -ਸਮੱਸਿਆਵਾਂ ਨੂੰ ਹੇਠਾਂ ਰੱਖਣਾ ਸਿੱਖੋ।

3. ਭਾਵਨਾਵਾਂ 'ਤੇ ਕੰਟਰੋਲ: ਰਿਸ਼ਤਿਆਂ ਦੀ ਸਾਂਝ ਅਤੇ ਸੰਵਾਦ

ਮਾਨਸਿਕ ਤਣਾਅ ਦਾ ਇੱਕ ਵੱਡਾ ਹਿੱਸਾ ਸਾਡੇ ਰਿਸ਼ਤਿਆਂ ਵਿੱਚੋਂ ਆਉਂਦਾ ਹੈ। ਅੱਜ ਕੱਲ੍ਹ ਰਿਸ਼ਤਿਆਂ ਵਿੱਚ ਉਲਝਣ ਇਸ ਲਈ ਨਹੀਂ ਕਿ ਪਿਆਰ ਘੱਟ ਗਿਆ ਹੈ, ਸਗੋਂ ਇਸ ਲਈ ਹੈ ਕਿਉਂਕਿ ਅਸੀਂ 'ਸੁਣਨ' ਦੀ ਬਜਾਏ 'ਜਵਾਬ ਦੇਣ' ਲਈ ਗੱਲਬਾਤ ਕਰਦੇ ਹਾਂ।

ੳ) ਪ੍ਰਤੀਕਿਰਿਆ (Reaction) ਬਨਾਮ ਹੁੰਗਾਰਾ (Response): ਜਦੋਂ ਕੋਈ ਸਾਨੂੰ ਕੌੜਾ ਬੋਲਦਾ ਹੈ, ਤਾਂ ਅਸੀਂ ਤੁਰੰਤ 'ਪ੍ਰਤੀਕਿਰਿਆ' ਦਿੰਦੇ ਹਾਂ (ਗੁੱਸੇ ਦੇ ਬਦਲੇ ਗੁੱਸਾ)। ਇਹ ਇੱਕ ਪਸ਼ੂ-ਬਿਰਤੀ ਹੈ। ਪਰ 'ਹੁੰਗਾਰਾ' ਦੇਣਾ ਇੱਕ ਮਾਨਸਿਕ ਸਾਧਨਾ ਹੈ। ਹੁੰਗਾਰੇ ਦਾ ਮਤਲਬ ਹੈ -ਰੁਕਣਾ, ਸੋਚਣਾ ਅਤੇ ਫਿਰ ਸ਼ਾਂਤੀ ਨਾਲ ਗੱਲ ਕਰਨਾ।

ਅ) ਨਜ਼ਰੀਏ ਦਾ ਸਤਿਕਾਰ: ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਹਰ ਇਨਸਾਨ ਆਪਣੇ ਹਾਲਾਤਾਂ ਮੁਤਾਬਕ ਸਹੀ ਹੋ ਸਕਦਾ ਹੈ। ਜਦੋਂ ਅਸੀਂ ਦੂਜੇ ਦੇ ਨਜ਼ਰੀਏ ਨੂੰ ਸਵੀਕਾਰ ਕਰਦੇ ਹਾਂ, ਤਾਂ ਸਾਡੇ ਮਨ ਦਾ ਅੱਧਾ ਬੋਝ ਉਂਝ ਹੀ ਉਤਰ ਜਾਂਦਾ ਹੈ।

4. ਆਤਮ-ਵਿਸ਼ਵਾਸ ਦੀ ਵਾਪਸੀ: ਅੰਦਰਲੀ ਆਵਾਜ਼ ਦੀ ਪਛਾਣ

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਮਹਿੰਗੇ ਕੱਪੜੇ ਪਾਉਣ ਜਾਂ ਸਟੇਜ 'ਤੇ ਬੋਲਣ ਨਾਲ ਆਤਮ-ਵਿਸ਼ਵਾਸ ਆਉਂਦਾ ਹੈ। ਪਰ ਅਸਲ ਆਤਮ-ਵਿਸ਼ਵਾਸ 'ਸਵੈ-ਸਵੀਕਾਰ' (Self-acceptance) ਵਿੱਚੋਂ ਪੈਦਾ ਹੁੰਦਾ ਹੈ। ਜਦੋਂ ਤੁਸੀਂ ਆਪਣੇ ਆਪ ਨੂੰ ਉਵੇਂ ਹੀ ਸਵੀਕਾਰ ਕਰ ਲੈਂਦੇ ਹੋ ਜਿਵੇਂ ਤੁਸੀਂ ਹੋ -ਆਪਣੀਆਂ ਖਾਮੀਆਂ ਅਤੇ ਖੂਬੀਆਂ ਸਮੇਤ -ਤਾਂ ਤੁਹਾਡਾ ਡਰ ਖ਼ਤਮ ਹੋਣ ਲੱਗਦਾ ਹੈ।

ਮੌਨ ਦੀ ਸ਼ਕਤੀ (Power of Silence):

ਆਤਮ-ਵਿਸ਼ਵਾਸ ਜਗਾਉਣ ਲਈ ਇੱਕ ਸਰਲ ਅਭਿਆਸ ਕਰੋ:

ੳ) ਰੋਜ਼ਾਨਾ ਘੱਟੋ-ਘੱਟ 10 ਮਿੰਟ ਮੌਨ ਵਿੱਚ ਬੈਠੋ।

ਅ) ਆਪਣੇ ਸਾਹਾਂ ਦੀ ਗਤੀ 'ਤੇ ਧਿਆਨ ਟਿਕਾਓ।

ੲ) ਜਦੋਂ ਤੁਸੀਂ ਬਾਹਰਲੇ ਸ਼ੋਰ (ਟੀਵੀ, ਮੋਬਾਈਲ, ਲੋਕਾਂ ਦੀਆਂ ਗੱਲਾਂ) ਤੋਂ ਦੂਰ ਹੁੰਦੇ ਹੋ, ਤਾਂ ਤੁਹਾਡੇ ਅੰਦਰ ਦੀ ਆਵਾਜ਼ (Intuition) ਸੁਣਾਈ ਦੇਣ ਲੱਗਦੀ ਹੈ।

ਸ) ਇਹ ਅੰਦਰਲੀ ਆਵਾਜ਼ ਹੀ ਤੁਹਾਨੂੰ ਜੀਵਨ ਦੇ ਔਖੇ ਫੈਸਲੇ ਲੈਣ ਦੀ ਹਿੰਮਤ ਅਤੇ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ।

ਸਿੱਟਾ: ਮਨ ਤੂੰ ਜੋਤਿ ਸਰੂਪੁ ਹੈ

ਲੇਖ ਦੇ ਅੰਤ ਵਿੱਚ ਇਹ ਸਮਝਣਾ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਪਰੇਸ਼ਾਨੀਆਂ ਤੋਂ ਕਿਤੇ ਵੱਡੇ ਹੋ। ਦੁਨੀਆ ਦੀ ਕੋਈ ਵੀ ਮੁਸੀਬਤ ਤੁਹਾਡੀ ਮਾਨਸਿਕ ਸ਼ਾਂਤੀ ਨੂੰ ਉਦੋਂ ਤੱਕ ਨਹੀਂ ਭੰਗ ਕਰ ਸਕਦੀ, ਜਦੋਂ ਤੱਕ ਤੁਸੀਂ ਖੁਦ ਉਸ ਨੂੰ ਆਪਣੇ ਮਨ ਦੇ ਦਰਵਾਜ਼ੇ ਖੋਲ੍ਹ ਕੇ ਇਜਾਜ਼ਤ ਨਾ ਦਿਓ।

ਆਪਣੇ ਦਿਮਾਗ ਨੂੰ ਇੱਕ 'ਸਾਧਨ' (Tool) ਵਜੋਂ ਵਰਤੋ, ਉਸ ਦੇ 'ਗੁਲਾਮ' ਨਾ ਬਣੋ। ਜਦੋਂ ਤੁਸੀਂ ਆਪਣੇ ਮਨ ਦੀ ਅਸਲ ਪ੍ਰਕਿਰਤੀ ਨੂੰ ਪਛਾਣ ਲੈਂਦੇ ਹੋ, ਤਾਂ ਤੁਹਾਨੂੰ ਅਹਿਸਾਸ ਹੁੰਦਾ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥

ਤੁਸੀਂ ਕਮਜ਼ੋਰ ਨਹੀਂ ਹੋ, ਤੁਸੀਂ ਉਸ ਪਰਮਾਤਮਾ ਦੀ ਅੰਸ਼ ਹੋ, ਜਿਸ ਕੋਲ ਬੇਅੰਤ ਸ਼ਕਤੀ ਹੈ। ਬਸ ਲੋੜ ਹੈ ਉਸ 'ਗਲਾਸ' ਨੂੰ ਹੇਠਾਂ ਰੱਖਣ ਦੀ, ਜਿਸ ਨੂੰ ਤੁਸੀਂ ਸਾਲਾਂ ਤੋਂ ਫੜੀ ਬੈਠੇ ਹੋ। ਅੱਜ ਹੀ ਆਪਣੇ ਮਨ ਦੇ ਬਗੀਚੇ ਵਿੱਚੋਂ ਚਿੰਤਾ ਦੇ ਨਦੀਨਾਂ ਨੂੰ ਪੁੱਟ ਕੇ ਸੁੱਟੋ ਅਤੇ ਆਤਮ-ਵਿਸ਼ਵਾਸ ਦੇ ਫੁੱਲ ਖਿੜਾਓ।

ਲੇਖਕ ਦਾ ਸੁਝਾਅ: ਇਹ ਲੇਖ ਪਾਠਕਾਂ ਨੂੰ ਨਾ ਸਿਰਫ਼ ਪ੍ਰੇਰਿਤ ਕਰੇਗਾ ਸਗੋਂ ਉਹਨਾਂ ਨੂੰ ਰੋਜ਼ਾਨਾ ਜੀਵਨ ਵਿੱਚ ਮਾਨਸਿਕ ਸਿਹਤ ਦੇ ਮਹੱਤਵ ਬਾਰੇ ਵੀ ਜਾਗਰੂਕ ਕਰੇਗਾ।

**-ਗੁਰਦੇਵ ਸਿੰਘ ਬਠਿੰਡਾ, ਮੋਬ: 9316949649**
**ਈਮੇਲ : gskbathinda@gmail.com**

### ਸਮਾਜ ਮਿਲਵਰਤਣ ਸੁਸਾਇਟੀ ਜਗਰਾਉਂ ਵੱਲੋਂ

# ਤਹਿਸੀਲ ਪੱਧਰੀ ਸਲਾਨਾ ਗੁਰਮਤਿ ਸਮਾਗਮ ਕਰਵਾਇਆ













**ਜਗਰਾਉਂ, 15 ਫਰਵਰੀ (ਵਰਿਆਮ ਹਠੂਰ)**-ਸਮਾਜ ਮਿਲਵਰਤਨ ਸੁਸਾਇਟੀ (ਜਗਰਾਉਂ) ਵੱਲੋਂ ਸਤਿਗੁਰ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਵੀਂ ਦਾਣਾ ਮੰਡੀ ਜਗਰਾਉਂ ਵਿਖੇ ਤਿੰਨ ਰੋਜ਼ਾ ਵਿਸ਼ਾਲ ਤਹਿਸੀਲ ਪੱਧਰੀ ਸਾਲਾਨਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਸਮਾਗਮ ਵਿੱਚ ਵੱਖ ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਸਮਾਜ ਮਿਲਵਰਤਣ ਸੁਸਾਇਟੀ ਦੇ ਆਗੂਆਂ ਨੇ ਸਮੂਹ ਗੁਰਸੰਗਤਾਂ ਨੂੰ ਜੀ ਆਇਆਂ ਆਖਿਆ, ਰਾਗੀ, ਢਾਡੀ ਤੇ ਕਵੀਸ਼ਰੀ ਜੱਥਿਆਂ ਨੇ ਇਕੱਤਰ ਗੁਰਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ, ਇਸ ਮੌਕੇ ਬਾਬਾ ਕੇਵਲ ਸਿੰਘ ਜੀ ਮੁੱਖ ਸੇਵਾਦਾਰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਾਲਿਆਂ ਨੇ ਕ੍ਰਾਂਤੀਕਾਰੀ ਰਹਿਬਰ ਸਤਿਗੁਰ ਰਵਿਦਾਸ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਪਰਣਾਏ ਹੋਏ ਮਹਾਨ ਰਹਿਬਰ ਹੋਏ ਹਨ, ਜਿਨ੍ਹਾਂ ਨੇ ਸਮੇਂ ਦੇ ਹੰਕਾਰੀ ਹਾਕਮਾਂ ਦਾ ਗੁਰੂਰ ਆਪਣੇ ਇਨਕਲਾਬੀ ਵਿਚਾਰਾਂ ਨਾਲ ਤੋੜਿਆ ਅਤੇ ਗੁਰੂ ਜੀ ਨੇ ਜ਼ਬਰ ਜ਼ੁਲਮ ਦਾ ਸ਼ਿਕਾਰ ਲੋਕਾਈ ਨੂੰ ਗੁਰਬਾਣੀ ਰਾਹੀਂ ਸੱਚ ਦਾ ਮਾਰਗ ਦਿਖਾਇਆ। ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਦੇ ਭਲੇ ਲਈ ਬੇਗਮਪੁਰਾ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਆਪਣਾ ਅਹਿਮ ਰੋਲ ਅਦਾ ਕੀਤਾ, ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਰਹਿਬਰ ਦੇ ਆਗਮਨ ਪੁਰਬ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਅੰਤ ਵਿੱਚ ਉਨ੍ਹਾਂ ਸਮਾਜ ਮਿਲਵਰਤਨ ਸੁਸਾਇਟੀ ਵੱਲੋਂ ਕਰਵਾਏ ਸਲਾਨਾ ਸਮਾਗਮ ਦੇ ਉਪਰਾਲੇ ਨੂੰ ਸ਼ਾਲਾਘਾਯੋਗ ਦੱਸਿਆ। ਇਸ ਮੌਕੇ ਸਮਾਜ ਮਿਲਵਰਤਨ ਸੁਸਾਇਟੀ ਜਗਰਾਉਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਸ੍ਰੀ ਐੱਸ ਆਰ ਕਲੇਰ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ, ਕਾਂਗਰਸ ਦੇ ਸੀਨੀਅਰ ਆਗੂ ਸਤਿੰਦਰ ਪਾਲ ਸਿੰਘ ਕਾਕਾ ਗਰੇਵਾਲ, ਸੀਨੀਅਰ ਆਗੂ ਰਜੇਸ਼ ਇੰਦਰ ਸਿੰਘ ਸਿੱਧੂ ਜਗਰਾਉਂ, ਨੇ ਸਮਾਜ ਮਿਲਵਰਤਣ ਸੁਸਾਇਟੀ ਵੱਲੋਂ ਕਰਵਾਏ ਗਏ ਸਲਾਨਾ ਸਮਾਗਮ ਲਈ ਆਗੂਆਂ ਨੂੰ ਮੁਬਾਰਕਾਂ ਦਿੱਤੀਆਂ, ਇਸ ਮੌਕੇ ਸਮਾਜ ਮਿਲਵਰਤਣ ਸੁਸਾਇਟੀ ਦੇ ਪ੍ਰਧਾਨ ਰਛਪਾਲ ਸਿੰਘ ਚੀਮਨਾ, ਜਨਰਲ ਸੈਕਟਰੀ ਪ੍ਰੇਮ ਸਿੰਘ ਲੋਹਟ, ਸਰਪ੍ਰਸਤ ਮਹਿੰਗਾ ਸਿੰਘ ਮੀਰਪੁਰ, ਭਵਨਜੀਤ ਸਿੰਘ ਕਮਾਲਪੁਰਾ, ਮਾ.ਸਰਬਜੀਤ ਸਿੰਘ ਭੱਟੀ ਦੇਹੜਕਾ, ਸੰਤਰਾਮ ਸਿੰਘ ਰਾਏਕੋਟ, ਮਹਿੰਦਰ ਸਿੰਘ ਕਮਾਲਪੁਰਾ, ਅਸ਼ੋਕ ਕੁਮਾਰ, ਹੰਸਰਾਜ ਪੀ.ਪੀ., ਸੁਰਿੰਦਰ ਸਿੰਘ ਢੋਲਣ, ਬਲਵੀਰ ਸਿੰਘ ਨੱਥੋਵਾਲ, ਹੰਸ ਰਾਜ ਆੜ੍ਹਤੀ, ਕੈਪਟਨ ਗੁਲਜ਼ਾਰ ਸਿੰਘ, ਸੰਤਰਾਮ ਸਿੰਘ ਰਾਏਕੋਟ, ਹੈਪੀ ਲੋਹਟ, ਹਰਪ੍ਰੀਤ ਮਲਕ, ਹਰਪ੍ਰੀਤ ਸਿੰਘ ਮੱਲ੍ਹਾ, ਮੈਨੇਜਰ ਨਿਰਮਲ ਸਿੰਘ, ਕੁਲਦੀਪ ਲੋਹਟ, ਪਰਮਿੰਦਰ ਸਿੰਘ ਕਾਕਾ ਆਦਿ ਵੀ ਵਿਸ਼ੇਸ਼ ਤੌਰ ਸੇਵਾਵਾਂ ਨਿਭਾਉਂਦੇ ਨਜ਼ਰ ਆਏ, ਇਸ ਮੌਕੇ ਪ੍ਰਬੰਧਕਾਂ ਵੱਲੋਂ ਬਾਬਾ ਕੇਵਲ ਸਿੰਘ ਖੁਰਾਲਗੜ੍ਹ, ਧਾਰਮਿਕ ਤੇ ਰਾਜਸੀ ਸਤਿਕਾਰਤ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਫ਼ਲ ਸੇਵਾ ਸੁਸਾਇਟੀ ਰਾਜੋਆਣਾ ਦੇ ਸੇਵਾਦਾਰਾਂ ਨੇ ਜੋੜਿਆਂ ਦੀ ਸੇਵਾ ਕੀਤੀ। ਇਸ ਮੌਕੇ ਹੈੱਡ ਗ੍ਰੰਥੀ ਭਾਈ ਨਰੇਸ਼ ਸਿੰਘ ਖੁਰਾਲਗੜ੍ਹ, ਸਾਬਕਾ ਵਿਧਾਇਕ ਐੱਸ.ਆਰ. ਕਲੇਰ, ਕੌਂਸਲਰ ਅਮਰਜੀਤ ਸਿੰਘ ਮਾਲਵਾ, ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸੀਨੀਅਰ ਆਗੂ ਰਜੇਸ਼ ਇੰਦਰ ਸਿੰਘ ਸਿੱਧੂ ਜਗਰਾਉਂ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ, ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ, ਸੁਖਵਿੰਦਰ ਸਿੰਘ ਸਿੱਧੂ, ਸੀਨੀ.ਮੀਤ ਪ੍ਰਧਾਨ ਕੰਵਰਪਾਲ ਸਿੰਘ, ਡਾ.ਸੁਰਿੰਦਰ ਸਿੰਘ, ਬਲਰਾਜ ਸਿੰਘ, ਸਤੀਸ਼ ਕੁਮਾਰ ਪੱਪੂ, ਰਾਕੇਸ਼ ਧੀਰ, ਮਨੀ ਗਰਗ, ਸੁੱਖ ਨਾਹਰ, ਬਲਵੀਰ ਸਿੰਘ, ਹਰਵਿੰਦਰ ਸਿੰਘ, ਜਗਜੀਤ ਸਿੰਘ, ਡਾ. ਨਰਿੰਦਰ ਸਿੰਘ, ਬਿੱਕਰ ਸਿੰਘ ਨੱਤ, ਪ੍ਰਧਾਨ ਜੰਗੀਰ ਸਿੰਘ, ਰਘਬੀਰ ਸਿੰਘ ਇੰਦਰਗੜ੍ਹ, ਅਜਮੇਰ ਸਿੰਘ ਢੋਲਣ, ਹਰਪਾਲ ਸਿੰਘ, ਬਲਵੀਰ ਸਿੰਘ ਪੁਹੀੜ, ਅਵਤਾਰ ਡੇਹਲੋਂ, ਜਸਵੀਰ ਸਿੰਘ, ਮਹਿੰਦਰ ਸਿੰਘ ਰਾਮਪੁਰ, ਹਰਨੇਕ ਸਿੰਘ, ਸਵਰਨਜੀਤ ਸਿੰਘ, ਸੁਰਜੀਤ ਸਿੰਘ ਨੰਗਲ, ਸੁਰਜੀਤ ਸਿੰਘ ਬੁਢੇਲ ਅਤੇ ਸ਼ਹਿਰ ਦੀਆਂ ਸਮੂਹ ਗੁ.ਪ੍ਰਬੰਧਕ ਕਮੇਟੀਆਂ ਆਦਿ ਨੇ ਉਚੇਚੇ ਤੌਰ 'ਤੇ ਹਾਜ਼ਰ ਸਨ।

**ਵੱਖ ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ**

ਆਵਾਜ਼ਿ ਕੌਮ AWAZE QAUM International Newspaper & WEB TV

# ਦਿਮਾਗ ਦੀ ਸਿਹਤ



ਦਿਮਾਗ ਦੀ ਸਿਹਤ ਮਨੁੱਖੀ ਕਾਰਗੁਜ਼ਾਰੀ ਦਾ ਆਧਾਰ ਹੈ, ਜੋ ਸੋਚ, ਭਾਵਨਾਵਾਂ, ਵਿਉਹਾਰ, ਯਾਦਸ਼ਕਤੀ, ਫੈਸਲਾ ਕਰਨ ਦੀ ਸਮਰੱਥਾ ਅਤੇ ਸਰੀਰਕ ਨਿਯੰਤਰਣ ਨੂੰ ਸੰਭਾਲਦੀ ਹੈ। ਦਿਮਾਗ ਦੀ ਸਿਹਤ ਦਾ ਅਰਥ ਹੈ ਨਿਊਰਲ ਨੈੱਟਵਰਕ ਦੀ ਸੰਰਚਨਾਤਮਕ ਅਖੰਡਤਾ, ਜੀਵ-ਰਸਾਇਣਕ ਸੰਤੁਲਨ, ਰੱਤ ਸਪਲਾਈ ਅਤੇ ਕਾਰਗੁਜ਼ਾਰੀਕ ਸੰਪਰਕ ਦਾ ਸਭ ਤੋਂ ਉੱਤਮ ਦਰਜ਼ਾ, ਜੋ ਮਨੁੱਖ ਨੂੰ ਸੋਚਣ, ਮਹਿਸੂਸ ਕਰਨ, ਸਿੱਖਣ ਅਤੇ ਅਨੁਕੂਲ ਹੋਣ ਦੇ ਯੋਗ ਬਣਾਉਂਦਾ ਹੈ। ਵੱਧ ਰਹੀ ਉਮਰ, ਡਿਜ਼ਿਟਲ ਦਬਾਅ, ਲੰਬੇ ਸਮੇਂ ਦਾ ਤਣਾਅ ਅਤੇ ਗੈਰ ਕਿਰਿਆਸ਼ੀਲ ਜੀਵਨਸ਼ੈਲੀ ਦੇ ਕਾਰਨ ਦਿਮਾਗ ਦੀ ਸਿਹਤ ਦੀ ਰੱਖਿਆ ਦੁਨੀਆ ਭਰ ਵਿੱਚ ਜਨ ਸਿਹਤ ਦੀ ਇੱਕ ਮੁੱਖ ਤਰਜ਼ੀਹ ਬਣ ਗਈ ਹੈ।

ਦਿਮਾਗ ਦੀ ਸਿਹਤ ਦੀ ਜੈਵਿਕ ਬਣਤਰ

ਮਨੁੱਖੀ ਦਿਮਾਗ ਦਾ ਭਾਰ ਲਗਭਗ 1.3-1.4 ਕਿਲੋਗ੍ਰਾਮ ਹੁੰਦਾ ਹੈ ਅਤੇ ਇਸ ਵਿੱਚ ਕਰੀਬ 86 ਅਰਬ ਨਿਊਰੋਨ ਹੁੰਦੇ ਹਨ, ਜੋ ਖਰਬਾਂ ਸਿਨੈਪਸ ਰਾਹੀਂ ਆਪਸ ਵਿੱਚ ਜੁੜੇ ਹੁੰਦੇ ਹਨ। ਇਹ ਨਿਊਰਲ ਸਰਕਟ ਹੇਠ ਲਿਖੇ ਮੁੱਖ ਤੱਤਾਂ 'ਤੇ ਨਿਰਭਰ ਕਰਦੇ ਹਨ:

ਆਕਸੀਜ਼ਨ ਅਤੇ ਗਲੂਕੋਜ਼ ਪਹੁੰਚਾਉਣ ਲਈ ਚੰਗੀ ਰਕਤ ਸਪਲਾਈ, ਸੰਤੁਲਿਤ ਨਿਊਰੋਟ੍ਰਾਂਸਮੀਟਰ ਜਿਵੇਂ ਸੈਰੋਟੋਨਿਨ, ਡੋਪਾਮਿਨ ਅਤੇ ਐਸੀਟਾਈਲਕੋਲੀਨ, ਨਿਊਰੋਨ ਅਤੇ ਮਾਇਲਿਨ ਪਰਤਾਂ ਦੀ ਸੰਰਚਨਾਤਮਕ ਅਖੰਡਤਾ, ਨਿਊਰੋਪਲਾਸਟਿਸਿਟੀ — ਨਵੇਂ ਸੰਪਰਕ ਬਣਾਉਣ ਦੀ ਸਮਰੱਥਾ, ਗਲਿੰਫੈਟਿਕ ਪ੍ਰਣਾਲੀ ਰਾਹੀਂ ਮੈਟਾਬੋਲਿਕ ਕਚਰੇ ਦੀ ਪ੍ਰਭਾਵਸ਼ਾਲੀ ਸਫਾਈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਲਈ ਦਿਮਾਗ ਦੀ ਸਿਹਤ ਸਥਿਰ ਨਹੀਂ ਹੁੰਦੀ; ਇਹ ਜੀਨਸ, ਜੀਵਨਸ਼ੈਲੀ, ਵਾਤਾਵਰਣ ਅਤੇ ਮਨੋਵਿਗਿਆਨਕ ਤੱਤਾਂ ਨਾਲ ਪ੍ਰਭਾਵਿਤ ਹੋਣ ਵਾਲੀ ਗਤੀਸ਼ੀਲ ਅਵਸਥਾ ਹੈ।

ਕੀ ਦਿਮਾਗੀ ਕਸਰਤ ਦਿਮਾਗ ਦੀ ਸਿਹਤ ਨੂੰ ਸੁਧਾਰਦੀ ਹੈ?

ਸੰਘਿਆਤਮਕ ਸਿੱਖਿਆ, ਜਿਸ ਨੂੰ ਆਮ ਤੌਰ 'ਤੇ ਬ੍ਰੇਨ ਟ੍ਰੇਨਿੰਗ ਕਿਹਾ ਜਾਂਦਾ ਹੈ, ਯਾਦਸ਼ਕਤੀ, ਧਿਆਨ, ਪ੍ਰੋਸੈਸਿੰਗ ਗਤੀ ਅਤੇ ਕਾਰਜਕਾਰੀ ਸਮਰੱਥਾਵਾਂ ਨੂੰ ਉਤੇਜਿਤ ਕਰਨ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਦਾ ਹੈ। ਵਿਗਿਆਨਕ ਸਬੂਤ ਦੱਸਦੇ ਹਨ ਕਿ:

ਨਿਊਰੋਪਲਾਸਟਿਸਿਟੀ ਵਿੱਚ ਵਾਧਾ

ਮਾਨਸਿਕ ਉਤੇਜਨਾ ਸਿਨੈਪਸ ਮਜ਼ਬੂਤੀ ਅਤੇ ਨਵੇਂ ਨਿਊਰਲ ਮਾਰਗਾਂ ਦੀ ਬਣਤਰ ਨੂੰ ਉਤਸ਼ਾਹਿਤ ਕਰਦੀ ਹੈ। ਨਵੇਂ ਗੁਣਾਂ, ਭਾਸ਼ਾਵਾਂ ਜਾਂ ਸਮੱਸਿਆ ਹੱਲ ਕਰਨ ਵਾਲੀਆਂ ਗਤੀਵਿਧੀਆਂ ਦਿਮਾਗ ਦੇ ਵਿਸ਼ਾਲ ਭਾਗਾਂ ਨੂੰ ਸਰਗਰਮ ਕਰਦੀਆਂ ਹਨ।

ਕਾਗਨੀਟਿਵ ਰਿਜ਼ਰਵ ਦਾ ਵਿਕਾਸ

ਨਿਯਮਿਤ ਬੌਧਿਕ ਸਰਗਰਮੀ ਦਿਮਾਗ ਨੂੰ ਉਮਰ ਨਾਲ ਸੰਬੰਧਿਤ ਬਦਲਾਵਾਂ ਜਾਂ ਸ਼ੁਰੂਆਤੀ ਬਿਮਾਰੀਆਂ ਨਾਲ ਨਜਿੱਠਣ ਦੀ ਸਮਰੱਥਾ ਦਿੰਦੀ ਹੈ।

ਖਾਸ ਕਾਰਜਾਂ ਵਿੱਚ ਸੁਧਾਰ

ਬ੍ਰੇਨ ਟ੍ਰੇਨਿੰਗ ਅਕਸਰ ਅਭਿਆਸ ਕੀਤੇ ਕੰਮਾਂ ਵਿੱਚ ਸੁਧਾਰ ਕਰਦੀ ਹੈ।

ਕਮੀ ਤੋਂ ਬਚਾਅ

ਜੀਵਨ ਭਰ ਸਿੱਖਣਾ ਅਤੇ ਮਾਨਸਿਕ ਤੌਰ 'ਤੇ ਸਰਗਰਮ ਰਹਿਣਾ ਵੱਡੀ ਉਮਰ ਵਿੱਚ ਬੁੱਧੀ ਘਟਣ ਦੇ ਜੋਖ਼ਮ ਨੂੰ ਘਟਾਉਂਦਾ ਹੈ।

ਪਰ ਦਿਮਾਗੀ ਕਸਰਤ ਇਕੱਲੀ ਕਾਫ਼ੀ ਨਹੀਂ; ਸਰੀਰਕ ਸਿਹਤ, ਨੀਂਦ, ਪੋਸ਼ਣ ਅਤੇ ਭਾਵਨਾਤਮਕ ਸੰਤੁਲਨ ਵੀ ਬਰਾਬਰ ਮਹੱਤਵਪੂਰਨ ਹਨ।

ਦਿਮਾਗ ਦੀ ਸਿਹਤ ਕਮਜ਼ੋਰ ਹੋਣ ਦੇ ਕਾਰਨ

ਦਿਮਾਗ ਦੀ ਸਿਹਤ ਕਮਜ਼ੋਰ ਆਮ ਤੌਰ 'ਤੇ ਇੱਕ ਹੀ ਕਾਰਨ ਨਾਲ ਨਹੀਂ, ਸਗੋਂ ਲੰਬੇ ਸਮੇਂ ਤੱਕ ਇਕੱਠੇ ਹੋਏ ਨੁਕਸਾਨ ਨਾਲ ਹੁੰਦੀ ਹੈ।

ਲੰਬੇ ਸਮੇਂ ਦਾ ਤਣਾਅ ਅਤੇ ਵੱਧ ਕੋਰਟੀਸੋਲ — ਯਾਦਸ਼ਕਤੀ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਨੀਂਦ ਦੀ ਘਾਟ — ਯਾਦ ਸੰਭਾਲ ਅਤੇ ਜ਼ਿਹਰੀਲੇ ਤੱਤਾਂ ਦੀ ਸਫਾਈ ਵਿੱਚ ਰੁਕਾਵਟ ਪੈਦਾ ਕਰਦਾ ਹੈ।

ਰੱਤ-ਨਾਲੀ ਸੰਬੰਧੀ ਰੋਗ — ਸਟ੍ਰੋਕ ਅਤੇ ਡਿਮੇਂਸ਼ੀਆ ਦਾ ਜੋਖ਼ਮ ਵਧਾਉਂਦੇ ਹਨ।

ਨਿਊਰੋਇਨਫਲਾਮੇਸ਼ਨ — ਨਿਊਰੋਨ ਦਾ ਨੁਕਸਾਨ ਕਰਦਾ ਹੈ।

ਨਸ਼ੇ ਦੀ ਆਦਤ — ਦਿਮਾਗੀ ਬਣਤਰ ਅਤੇ ਰਸਾਇਣਕ ਸੰਤੁਲਨ ਵਿੱਚ ਬਦਲਾਅ ਪੈਦਾ ਕਰਦੀ ਹੈ।

ਸਰੀਰਕ ਕਿਰਿਆਸ਼ੀਲਤਾ ਦੀ ਘਾਟ— ਨਿਊਰੋਟ੍ਰੋਫਿਕ ਤੱਤਾਂ ਵਿੱਚ ਘਾਟ ਪੈਦਾ ਕਰਦੀ ਹੈ।

ਸਮਾਜਿਕ ਇਕਾਂਤ — ਡਿਪਰੈਸ਼ਨ ਅਤੇ ਬੋਧਿਕ ਪੱਧਰ ਵਿੱਚ ਤਰੁੱਟੀਆਂ ਨੂੰ ਜਨਮ ਦਿੰਦਾ ਹੈ।

ਵਾਤਾਵਰਣੀ ਜ਼ਿਹਰਲੇ ਤੱਤ — ਨਿਊਰਲ ਕਾਰਗੁਜ਼ਾਰੀ ਵਿੱਚ ਰੁਕਾਵਟ ਪੈਦਾ ਕਰਦੇ ਹਨ।

ਵੱਧਦੀ ਉਮਰ — ਨਿਊਰੋਨ ਅਤੇ ਸਿਨੈਪਸ ਵਿੱਚ ਘਟਾਅ ਨੂੰ ਆਰੰਭ ਕਰ ਦਿੰਦੀ ਹੈ।

ਦਿਮਾਗ ਦੀ ਸਿਹਤ ਬਣਾਈ ਰੱਖਣ ਦੇ ਕੁਦਰਤੀ ਤਰੀਕੇ

ਵਿਗਿਆਨਕ ਅਧਿਐਨ ਬਹੁ-ਪੱਖੀ ਜੀਵਨਸ਼ੈਲੀ ਦੀ ਪੁਸ਼ਟੀ ਕਰਦੇ ਹਨ।

ਨਿਯਮਿਤ ਸਰੀਰਕ ਕਸਰਤ

ਕਸਰਤ ਦਿਮਾਗ ਵੱਲ ਰੱਤ ਪ੍ਰਵਾਹ ਵਧਾਉਂਦੀ ਹੈ ਅਤੇ ਮਾਨਸਿਕ ਸਿਹਤ ਨੂੰ ਉਤੇਜਿਤ ਕਰਦੀ ਹੈ।

ਪੌਸ਼ਟਿਕ ਆਹਾਰ

ਐਂਟੀਆਕਸੀਡੈਂਟ ਵਾਲੇ ਫਲ ਅਤੇ ਸਬਜ਼ੀਆਂ, ਓਮੇਗਾ-3 ਚਰਬੀਆਂ (ਮੱਛੀ, ਬੀਜ, ਸੁੱਕੇ ਫਲ), ਮੋਟਾ ਅਨਾਜ

ਪ੍ਰੋਟੀਨ, ਘੱਟ ਪ੍ਰੋਸੈਸਡ ਭੋਜਨ ਅਤੇ ਘੱਟ ਮਿੱਠਾਸ ਵਾਲੇ ਪਦਾਰਥ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਦੇ ਹਨ।

**ਚੰਗੀ ਨੀਂਦ**-7-9 ਘੰਟੇ ਦੀ ਨੀਂਦ ਯਾਦਸ਼ਕਤੀ ਅਤੇ ਭਾਵਨਾਤਮਕ ਸੰਤੁਲਨ ਲਈ ਜ਼ਰੂਰੀ ਹੈ।

ਮਾਨਸਿਕ ਸਰਗਰਮੀ

ਪੜ੍ਹਨਾ, ਲਿਖਣਾ, ਸੰਗੀਤ, ਬੁਝਾਰਤਾਂ, ਨਵੀਂ ਕਲਾਵਾਂ ਨੂੰ ਸਿੱਖਣਾ ਮਾਨਸਿਕ ਸਿਹਤ ਲਈ ਫਾਇਦੇਮੰਦ ਹੁੰਦਾ ਹੈ।

**ਸਮਾਜਿਕ ਸੰਪਰਕ**-ਰਿਸ਼ਤੇ ਭਾਵਨਾਤਮਕ ਮਜ਼ਬੂਤੀ ਅਤੇ ਬੁੱਧੀ ਦੀ ਤਾਜ਼ਗੀ ਵਧਾਉਂਦੇ ਹਨ।

ਤਣਾਅ ਪ੍ਰਬੰਧਨ

ਯੋਗ, ਧਿਆਨ, ਡੂੰਘੀਆਂ ਸਾਹ ਲੈਣ ਦੀਆਂ ਕਿਰਿਆਵਾਂ ਤਣਾਅ ਨੂੰ ਘਟਾਉਂਦੀਆਂ ਹਨ।

ਧੁੱਪ ਅਤੇ ਕੁਦਰਤ

ਸਰਕਾਡੀਅਨ ਰਿਥਮ ਅਤੇ ਵਿੱਟਾਮਿਨ ਡੀ ਲਈ ਲਾਭਕਾਰੀ।

ਨੁਕਸਾਨਦਾਇਕ ਆਦਤਾਂ ਤੋਂ ਬਚਾਅ

ਸ਼ਰਾਬ ਘੱਟ, ਸਿਗਰਟਨੋਸ਼ੀ ਛੱਡਣਾ, ਪ੍ਰਦੂਸ਼ਣ ਤੋਂ ਬੱਚਣਾ।

ਕੀ ਡਿਪਰੈਸ਼ਨ ਅਤੇ ਤਣਾਅ ਖਰਾਬ ਦਿਮਾਗੀ ਸਿਹਤ ਦੇ ਨਤੀਜ਼ੇ ਹਨ?

ਡਿਪਰੈਸ਼ਨ ਅਤੇ ਲੰਬੇ ਸਮੇਂ ਦਾ ਤਣਾਅ ਦੋਵੇਂ ਦਿਮਾਗੀ ਸਿਹਤ ਦੇ ਕਾਰਨ ਵੀ ਹਨ ਅਤੇ ਨਤੀਜ਼ੇ ਵੀ।

ਡਿਪਰੈਸ਼ਨ ਵਿੱਚ ਨਿਊਰੋਬਾਇਲੋਜੀਕ ਬਦਲਾਅ

ਸੈਰੋਟੋਨਿਨ, ਡੋਪਾਮਿਨ ਘਟਾਅ, ਹਿਪੋਕੈਂਪਸ ਅਤੇ ਪ੍ਰੀਫਰੰਟਲ ਕੋਰਟੈਕਸ ਵਿੱਚ ਬਦਲਾਅ, ਐਮੀਗਡਾਲਾ ਦੀ ਵੱਧ ਸਰਗਰਮੀ, ਸੋਜ਼ ਵਿੱਚ ਵਾਧ, ਤਣਾਅ ਹਾਰਮੋਨ ਪ੍ਰਣਾਲੀ ਦਾ ਅਸੰਤੁਲਨ, ਲੰਬੇ ਤਣਾਅ ਦੇ ਪ੍ਰਭਾਵ, ਯਾਦ ਦੀ ਸਮੱਸਿਆ, ਧਿਆਨ ਦੀ ਘਾਟ, ਭਾਵਨਾਤਮਕ ਅਸਥਿਰਤਾ, ਦਿਲ ਅਤੇ ਮੈਟਾਬੋਲਿਕ ਬਿਮਾਰੀਆਂ ਦਾ ਜੋਖ਼ਮ।

ਇਸ ਲਈ ਇਹ ਸਿਰਫ਼ ਮਨੋਵਿਗਿਆਨਕ ਨਹੀਂ, ਸਗੋਂ ਨਿਊਰੋਬਾਇਲੋਜੀਕ ਅਵਸਥਾਵਾਂ ਹਨ।

ਦਿਮਾਗ ਦੀ ਸਿਹਤ ਮਨੁੱਖੀ ਉਤਪਾਦਕਤਾ, ਰਚਨਾਤਮਕਤਾ ਅਤੇ ਜੀਵਨ ਦੀ ਗੁਣਵੱਤਾ ਲਈ ਬੁਨਿਆਦੀ ਹੈ। ਵਿਗਿਆਨਕ ਸਬੂਤ ਦੱਸਦੇ ਹਨ ਕਿ ਮਾਨਸਿਕ ਕਸਰਤ, ਸਰੀਰਕ ਸਰਗਰਮੀ, ਪੌਸ਼ਟਿਕ ਆਹਾਰ, ਚੰਗੀ ਨੀਂਦ, ਤਣਾਅ ਕੰਟਰੋਲ ਅਤੇ ਸਮਾਜਿਕ ਸੰਪਰਕ ਮਿਲ ਕੇ ਦਿਮਾਗ ਨੂੰ ਤੰਦਰੁਸਤ ਰੱਖਦੇ ਹਨ। ਇਸਦੇ ਉਲਟ, ਗਲਤ ਜੀਵਨਸ਼ੈਲੀ ਅਤੇ ਲੰਬੇ ਤਣਾਅ ਦਿਮਾਗੀ ਸਿਹਤ ਨੂੰ ਕਮਜ਼ੋਰ ਕਰਦੇ ਹਨ।

ਅੱਜ ਦੇ ਵਧਦੇ ਮਾਨਸਿਕ ਦਬਾਅ ਅਤੇ ਵਾਤਾਵਰਣੀ ਚੁਣੌਤੀਆਂ ਦੇ ਯੁੱਗ ਵਿੱਚ, ਦਿਮਾਗ ਦੀ ਰੱਖਿਆ ਸਿਰਫ਼ ਇਲਾਜ਼ ਪ੍ਰਣਾਲੀ ਦਾ ਮਾਮਲਾ ਨਹੀਂ, ਸਗੋਂ ਸਮਾਜਿਕ ਲੋੜ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ

# ਮਹਾਂਸ਼ਿਵਰਾਤਰੀ ਸਮਾਗਮਾਂ ਵਿੱਚ ਸ਼ਿਰਕਤ; ਲੋਕਾਂ ਨੂੰ ਦਿੱਤੀਆਂ ਵਧਾਈਆਂ





ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ ’ਤੇ ਲਹਿਰਾਗਾਗਾ ਤੇ ਖਨੌਰੀ ਸ਼ਹਿਰ ਸਮੇਤ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕਰਵਾਏ ਗਏ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਮੰਦਰਾਂ ਵਿੱਚ ਮੱਥਾ ਟੇਕ ਕੇ ਭਗਵਾਨ ਸ਼ਿਵ ਦੀ ਅਰਾਧਨਾ ਕੀਤੀ ਅਤੇ ਸੰਗਤ ਨਾਲ ਮਿਲ ਕੇ ਭਜਨ-ਕੀਰਤਨ ਵਿੱਚ ਭਾਗ ਲਿਆ। ਕੈਬਨਿਟ ਮੰਤਰੀ ਨੇ ਸਮਾਗਮਾਂ ਦੌਰਾਨ ਸ਼ਿਵ ਭਗਤਾਂ ਅਤੇ ਇਲਾਕੇ ਦੇ ਵਸਨੀਕਾਂ ਨੂੰ ਮਹਾਂਸ਼ਿਵਰਾਤਰੀ ਦੀਆਂ ਦਿਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਭਗਵਾਨ ਸ਼ਿਵ ਦਾ ਜੀਵਨ ਸਾਦਗੀ, ਤਪੱਸਿਆ ਅਤੇ ਲੋਕ-ਕਲਿਆਣ ਦਾ ਪ੍ਰਤੀਕ ਹੈ, ਜਿਸ ਤੋਂ ਹਰ ਵਿਅਕਤੀ ਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ। ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮਹਾਂਸ਼ਿਵਰਾਤਰੀ ਵਰਗੇ ਧਾਰਮਿਕ ਤਿਉਹਾਰ ਸਿਰਫ਼ ਆਸਥਾ ਦਾ ਪ੍ਰਗਟਾਵਾ ਹੀ ਨਹੀਂ ਹੁੰਦੇ, ਸਗੋਂ ਸਮਾਜ ਵਿੱਚ ਭਾਈਚਾਰੇ, ਸਾਂਝ ਅਤੇ ਆਪਸੀ ਪਿਆਰ ਨੂੰ ਮਜ਼ਬੂਤ ਕਰਨ ਦਾ ਸਾਧਨ ਵੀ ਬਣਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਤਿਉਹਾਰ ਸ਼ਾਂਤੀ, ਸਦਭਾਵਨਾ ਅਤੇ ਸਹਿਯੋਗ ਦੀ ਭਾਵਨਾ ਨਾਲ ਮਨਾਏ ਜਾਣ। ਇਸ ਮੌਕੇ ਕੈਬਨਿਟ ਮੰਤਰੀ ਨੇ ਇਲਾਕੇ ਦੇ ਵਿਕਾਸ ਕਾਰਜਾਂ ਬਾਰੇ ਵੀ ਗੱਲਬਾਤ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਸਿਹਤ, ਸਿੱਖਿਆ, ਸੜਕਾਂ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਸਰਕਾਰ ਵੱਲੋਂ ਕਈ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਹਰ ਵਰਗ ਦੇ ਲੋਕਾਂ ਨੂੰ ਇਨ੍ਹਾਂ ਦਾ ਲਾਭ ਮਿਲ ਸਕੇ। ਉਨ੍ਹਾਂ ਨੇ ਸਥਾਨਕ ਨਿਵਾਸੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਹੱਲ ਲਈ ਸੰਬੰਧਿਤ ਵਿਭਾਗਾਂ ਨਾਲ ਤਾਲਮੇਲ ਕਰਕੇ ਜਲਦ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾਂ ਨਾਲ ਖੜ੍ਹੀ ਹੈ ਅਤੇ ਜਨਤਾ ਦੀ ਸੇਵਾ ਹੀ ਸਰਕਾਰ ਦਾ ਮੁੱਖ ਉਦੇਸ਼ ਹੈ। ਸਮਾਗਮਾਂ ਦੌਰਾਨ ਮੰਦਰ ਪ੍ਰਬੰਧਕ ਕਮੇਟੀਆਂ, ਧਾਰਮਿਕ ਆਗੂਆਂ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਰਹੀ। ਸਾਰੇ ਸਮਾਗਮ ਸ਼ਾਂਤੀਪੂਰਣ ਅਤੇ ਸ਼ਰਧਾ ਭਾਵਨਾ ਨਾਲ ਸੰਪੰਨ ਹੋਏ। ਅੰਤ ਵਿੱਚ ਕੈਬਨਿਟ ਮੰਤਰੀ ਨੇ ਸਮੂਹ ਨਾਗਰਿਕਾਂ ਦੀ ਖੁਸ਼ਹਾਲੀ, ਚੰਗੀ ਸਿਹਤ ਅਤੇ ਤਰੱਕੀ ਲਈ ਕਾਮਨਾ ਕਰਦਿਆਂ ਸਭ ਨੂੰ ਮਹਾਂਸ਼ਿਵਰਾਤਰੀ ਦੀਆਂ ਮੁੜ-ਮੁੜ ਵਧਾਈਆਂ ਦਿੱਤੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵੱਖ ਵੱਖ ਅਹੁਦੇਦਾਰ ਤੇ ਵਰਕਰ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਿਵ ਭਗਤ ਹਾਜ਼ਰ ਸਨ।

ਮਹਾਂ ਸ਼ਿਵਰਾਤਰੀ ਦੇ ਸ਼ੁੱਭ ਅਵਸਰ ’ਤੇ

# ਓ.ਐਸ.ਡੀ. ਸੁਖਵੀਰ ਸਿੰਘ ਧੂਰੀ ਹਲਕੇ ਦੇ ਵੱਖ-ਵੱਖ ਮੰਦਰਾਂ ’ਚ ਹੋਏ ਨਤਮਸਤਕ





**ਧੂਰੀ( ਰਣਜੀਤ ਸਿੰਘ ਪੇਧਨੀ )**-ਮਹਾਂ ਸ਼ਿਵਰਾਤਰੀ ਦੇ ਪਾਵਨ ਅਵਸਰ ’ਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ ਵੱਖ-ਵੱਖ ਧਾਰਮਿਕ ਸਥਾਨਾਂ ’ਤੇ ਨਤਮਸਤਕ ਹੋ ਕੇ ਭਗਵਾਨ ਭੋਲੇਨਾਥ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਉਨ੍ਹਾਂ ਨੇ ਇਲਾਕੇ ਦੀ ਖੁਸ਼ਹਾਲੀ, ਅਮਨ-ਚੈਨ ਅਤੇ ਤਰੱਕੀ ਲਈ ਅਰਦਾਸ ਕੀਤੀ।

ਇਸ ਮੌਕੇ ਉਹ ਪ੍ਰਾਚੀਨ ਸ਼ਿਵ ਮੰਦਿਰ ਦੋਹਲਾ ਵਿਖੇ ਲੱਗੇ ਵਿਸ਼ਾਲ ਮੇਲੇ ਵਿੱਚ ਵੀ ਸ਼ਾਮਲ ਹੋਏ, ਜਿੱਥੇ ਉਨ੍ਹਾਂ ਨੇ ਸੰਗਤਾਂ ਨਾਲ ਮਿਲ ਕੇ ਮਹਾਂ ਸ਼ਿਵਰਾਤਰੀ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਮਹਾਂ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਸਾਨੂੰ ਧਾਰਮਿਕ ਆਸਥਾ ਦੇ ਨਾਲ-ਨਾਲ ਸੱਚਾਈ ਅਤੇ ਨੇਕ ਮਾਰਗ ’ਤੇ ਚਲਣ ਦੀ ਪ੍ਰੇਰਣਾ ਦਿੰਦਾ ਹੈ।

ਉਪਰੰਤ, ਓ.ਐਸ.ਡੀ. ਸ੍ਰੀ ਸੁਖਵੀਰ ਸਿੰਘ ਸ਼੍ਰੀ ਗਣੇਸ਼ ਮੰਦਿਰ, ਚੈਂਬਰ ਬਾਗ, ਮਲੇਰਕੋਟਲਾ ਰੋਡ, ਧੂਰੀ ਵਿਖੇ ਵੀ ਨਤਮਸਤਕ ਹੋਏ ਅਤੇ ਭਗਤਾਂ ਨਾਲ ਰਲ ਕੇ ਪ੍ਰਾਰਥਨਾ ਕੀਤੀ।

ਇਸ ਦੇ ਨਾਲ ਹੀ ਉਹ ਪੰਚਵਟੀ ਮੰਦਿਰ, ਧੂਰੀ ਵਿਖੇ ਵੀ ਪਹੁੰਚੇ, ਜਿੱਥੇ ਉਨ੍ਹਾਂ ਨਤਮਸਤਕ ਹੋਣ ਉਪਰੰਤ ਧਰਮਸ਼ਾਲਾ ਦੇ ਨਿਰਮਾਣ ਦਾ ਪਹਿਲਾਂ ਪੜਾਅ ਪੂਰਾ ਹੋਣ ਤੇ ਧਰਮਸ਼ਾਲਾ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਹ ਧਰਮਸ਼ਾਲਾ ਸੰਗਤਾਂ ਲਈ ਸਹੂਲਤਾਂ ਵਿੱਚ ਵਾਧਾ ਕਰੇਗੀ ਅਤੇ ਧਾਰਮਿਕ ਗਤੀਵਿਧੀਆਂ ਨੂੰ ਹੋਰ ਮਜ਼ਬੂਤੀ ਦੇਵੇਗੀ।

ਮਹਾਂ ਸ਼ਿਵਰਾਤਰੀ ਦੇ ਸ਼ੁਭ ਮੌਕੇ ’ਤੇ ਉਹ ਸ਼ੀਤਲਾ ਮਾਤਾ ਮੰਦਿਰ (ਨੇੜੇ ਮਹਾਂਵੀਰ ਮੰਦਿਰ), ਧੂਰੀ ਵਿਖੇ ਆਯੋਜਿਤ ਛੇਵੇਂ ਵਿਸ਼ਾਲ ਭੰਡਾਰੇ ਵਿੱਚ ਵੀ ਸ਼ਾਮਲ ਹੋਏ ਅਤੇ ਸੇਵਾ ਭਾਵ ਨਾਲ ਲੰਗਰ ਵੰਡਣ ਵਿੱਚ ਭਾਗ ਲਿਆ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਾਂਝੀਵਾਲਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਮੰਦਰ ਕਮੇਟੀਆਂ ਦੇ ਮੈਂਬਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਓ.ਐਸ.ਡੀ. ਸ. ਸੁਖਵੀਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਪੁਸ਼ਿਪੰਦਰ ਸ਼ਰਮਾ, ਗੁਰਪ੍ਰੀਤ ਸਿੰਘ, ਜਸਵੀਰ ਸਿੰਘ, ਪੁਸ਼ਿਪੰਦਰ ਅੱਤਰੀ, ਸੁਖਵੀਰ ਸਿੰਘ ਸੋਢੀ ਵੀ ਮੌਜੂਦ ਸਨ।

# ਧੰਨ ਧੰਨ ਬਾਬਾ ਪੀਰ ਸੇਵਾ ਨਾਥ ਦੀ ਜਗ੍ਹਾ (ਆਸਣ) ਤੇ ਸ਼ਿਵਰਾਤਰੀ ਮਨਾਈ ਗਈ



**ਚੌਕ ਮਹਿਤਾ,15 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਿਲਾ ਅੰਮ੍ਰਿਤਸਰ ਦੇ ਇਤਿਹਾਸਿਕ ਪਿੰਡ ਉਦੋਕੇ ਕਲਾਂ ਵਿੱਚ ਪੁਰਾਤਨ ਜਗ੍ਹਾ ਧੰਨ ਧੰਨ ਬਾਬਾ ਪੀਰ ਸੇਵਾ ਨਾਥ ਜੀ ਦੇ ਸਥਾਨ ਤੇ ਹਰ ਸਾਲ ਦੀ ਤਰ੍ਹਾਂ ਸ਼ਿਵਰਾਤਰੀ ਬੜੀ ਧੂਮ ਧਾਮ ਨਾਲ ਮਨਾਈ ਗਈ। ਜਿਸ ਵਿੱਚ ਇਲਾਕੇ ਭਰ ਦੀ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਮਾਸਟਰ ਜਗੀਰ ਸਿੰਘ, ਪ੍ਰਿੰਸੀਪਲ ਗੁਰਸੇਵਕ ਸਿੰਘ, ਡਾਕਟਰ ਰਕੇਸ਼ ਕੁਮਾਰ, ਰਵੀ ਕੁਮਾਰ ਸ਼ਰਮਾ ,ਰਮੇਸ਼ ਕੁਮਾਰ ,ਸੰਜੀਵ ਕੁਮਾਰ, ਮਨਜੀਤ ਕੁਮਾਰ, ਹਰਦੇਵ ਕੁਮਾਰ, ਨਿਰਮਲ ਸਿੰਘ, ਗੁਰਮੁਖ ਸਿੰਘ, ਕਵਲਜੀਤ ਸਿੰਘ, ਗੁਰਪ੍ਰੀਤ ਸਿੰਘ, ਰਾਹੁਲ ਕੁਮਾਰ ਆਦਿ ਹਾਜ਼ਰ ਸਨ।

# ਬੀਜੇਪੀ ਨੇ ਮੋਗਾ ਰੈਲੀ ਨੂੰ ਕਾਮਯਾਬ ਬਣਾਉਣ ਲਈ ਪ੍ਰੋਫੈਸਰ ਸਿੱਧੂ ਨੂੰ ਧੂਰੀ ਦਾ ਇੰਚਾਰਜ ਲਗਾਇਆ



**ਧੂਰੀ (ਰਣਜੀਤ ਸਿੰਘ ਪੇਧਨੀ)** -ਪਿਛਲੀ ਦਿਨਾਂ ਵਿੱਚ ਮੁੱਖ ਮੰਤਰੀ ਦੇ ਸਾਬਕਾ ਓਐਸਡੀ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੁੰਦੇ ਹਨ। ਬੀਜੇਪੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਉਨਾਂ ਦੀ ਧੂਰੀ ਹਲਕੇ ਵਿੱਚ ਮਿਹਨਤ ਅਤੇ ਇਮਾਨਦਾਰੀ ਨੂੰ ਦੇਖਦਿਆਂ ਹੋਇਆਂ ਇੱਕ ਵੱਡੀ ਜਿੰਮੇਵਾਰੀ ਸੌਂਪਦਿਆਂ ਹੋਇਆਂ। ਸ੍. ਓਂਕਾਰ ਸਿੰਘ ਸਿੱਧੂ ਨੂੰ ਮੋਗਾ ਦੇ ਵਿੱਚ ਹੋਣ ਵਾਲੀ ਪ੍ਰਸਤਾਵਿਤ ਰੈਲੀ ਨੂੰ ਲੈ ਕੇ ਧੂਰੀ ਵਿਧਾਨ ਸਭਾ ਦਾ ਇੰਚਾਰਜ ਲਗਾਈਆ ਗਿਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਮੋਗੇ ਵਿੱਚ ਹੋਣ ਵਾਲੀ ਰੈਲੀ ਨੂੰ ਕਾਮਯਾਬ ਬਣਾਉਣ ਦੇ ਲਈ ਧੂਰੀ ਦੇ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਮੋਗੇ ਵਾਲੀ ਰੈਲੀ ਨੂੰ ਕਾਮਯਾਬ ਬਣਾਉਣ ਦੇ ਲਈ ਉਹ ਦਿਨ ਰਾਤ ਮਿਹਨਤ ਕਰਨਗੇ ਅਤੇ ਧੂਰੀ ਹਲਕੇ ਤੋਂ ਵੱਡੇ ਕਾਫਲਿਆਂ ਦੇ ਰੂਪ ਵਿੱਚ ਮੋਗਾ ਰੈਲੀ ਵਿਖੇ ਪਹੁੰਚਣਗੇ।

# ਪਰਮਪਾਲ ਕੌਰ ਸਿੱਧੂ ਮਲੂਕਾ ਨੂੰ ਤਲਵੰਡੀ ਸਾਬੋ ਤੋਂ ਲਾਇਆ ਵਿਧਾਨ ਸਭਾ ਹਲਕਾ ਇੰਚਾਰਜ



ਤਲਵੰਡੀ ਸਾਬੋ, 15 ਫਰਵਰੀ (ਗੁਰਜੰਟ ਸਿੰਘ ਨਥੇਹਾ)- ਭਾਰਤੀ ਜਨਤਾ ਪਾਰਟੀ ਵੱਲੋਂ ਮੋਗਾ ਵਿੱਚ ਹੋਣ ਜਾ ਰਹੀ ਅਮਿਤ ਸ਼ਾਹ ਦੀ ਵਿਸ਼ਾਲ ਰੈਲੀ ਨੂੰ ਸਫਲ ਬਣਾਉਣ ਲਈ ਸੰਗਠਨਾਤਮਕ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਪਰਮਪਾਲ ਕੌਰ ਸਿੱਧੂ ਮਲੂਕਾ ਨੂੰ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਪਾਰਟੀ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਉਹ ਰੈਲੀ ਲਈ ਵਰਕਰਾਂ ਦੀ ਮੋਬਿਲਾਈਜ਼ੇਸ਼ਨ, ਮੀਟਿੰਗਾਂ ਦੀ ਸੰਰਚਨਾ ਅਤੇ ਜ਼ਿੰਮੇਵਾਰੀਆਂ ਦੀ ਵੰਡ ਨੂੰ ਯਕੀਨੀ ਬਣਾਉਣਗੇ। ਇਸ ਨਿਯੁਕਤੀ ਨਾਲ ਹਲਕੇ ਦੇ ਵਰਕਰਾਂ ਵਿੱਚ ਨਵਾਂ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਤਲਵੰਡੀ ਸਾਬੋ ਵਿੱਚ ਭਾਜਪਾ ਵਰਕਰਾਂ ਨੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਦਾ ਇਹ ਫੈਸਲਾ ਸੰਗਠਨ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਮੋਗਾ ਰੈਲੀ ਵਿੱਚ ਹਲਕੇ ਦੀ ਭਰਪੂਰ ਹਾਜ਼ਰੀ ਯਕੀਨੀ ਬਣਾਈ ਜਾਵੇਗੀ। ਵਰਕਰਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਰੈਲੀ ਇਤਿਹਾਸਕ ਸਾਬਤ ਹੋਵੇਗੀ ਅਤੇ ਲੋਕਾਂ ਵਿੱਚ ਪਾਰਟੀ ਦੀ ਨੀਤੀਆਂ ਪ੍ਰਤੀ ਹੋਰ ਭਰੋਸਾ ਪੈਦਾ ਕਰੇਗੀ। ਪਾਰਟੀ ਆਗੂਆਂ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਪਿੰਡ ਪੱਧਰ ਤੱਕ ਮੀਟਿੰਗਾਂ ਕਰਕੇ ਵੱਡੀ ਗਿਣਤੀ ਵਿੱਚ ਸਮਰਥਕਾਂ ਨੂੰ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਤਖਤ ਸ੍ਰੀ ਦਮਦਮਾ ਸਾਹਿਬ ਵਿਖੇ

# ਹਫਤਾਵਾਰੀ ਗੁਰਮਤਿ ਸਮਾਗਮ ਦੌਰਾਨ 156 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ



**ਤਲਵੰਡੀ ਸਾਬੋ, 15 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹਫ਼ਤਾਵਾਰੀ ਗੁਰਮਤਿ ਸਮਾਗਮ ਦੌਰਾਨ ਭਾਈ ਜਗਤਾਰ ਸਿੰਘ ਹੈੱਡ ਗ੍ਰੰਥੀ, ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਜਥਾ, ਭਾਈ ਕੁਲਵੰਤ ਸਿੰਘ ਭੈਣੀ ਪ੍ਰਚਾਰਕ, ਭਾਈ ਚਮਕੌਰ ਸਿੰਘ ਕਕਰਾਲਾ ਢਾਡੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਸੁਣਾ ਕਿ ਨਿਹਾਲ ਕੀਤਾ। ਪੰਜ ਪਿਆਰੇ ਸਹਿਬਾਨਾਂ ਵੱਲੋਂ ਆਈਆਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ। 156 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਧਨੌਲਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲੋਂ ਆਈਆਂ ਸੰਗਤਾਂ ਨੂੰ ਜੀਉ ਆਇਆ ਕਿਹਾ ਗਿਆ ਅਤੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਨ ਲਈ ਵਧਾਈ ਦਿੱਤੀ। ਇਸ ਸਮੇਂ ਤਖ਼ਤ ਸਾਹਿਬ ਦੇ ਮੈਨੇਜਰ ਸ. ਨਰਿੰਦਰਜੀਤ ਸਿੰਘ ਅਤੇ ਸਬ ਆਫ਼ਿਸ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਸ. ਭੋਲਾ ਸਿੰਘ ਹੀਰੇਵਾਲਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਭਾਈ ਗੁਰਭੇਜ ਸਿੰਘ ਭੈਣੀ ਹਲਕਾ ਇੰਚਾਰਜ ਖੇਮਕਰਨ ਲਗਣ 'ਤੇ

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਠੱਠਾ ਵਿਖੇ ਨਤਮਸਤਕ ਹੋਏ












(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਜਥੇਬੰਦੀ ਦੇ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਲਗਾਤਾਰ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਜੱਥੇਦਾਰ ਬਾਬਾ ਨਛੱਤਰ ਸਿੰਘ ਜੀ ਪ੍ਰਧਾਨ ਅਸਟਰੀਆ ਯੂਰਪ ਦੇ ਸਪੁੱਤਰ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਵਾਲਿਆਂ ਨੂੰ ਖੇਮਕਰਨ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਭਾਈ ਗੁਰਭੇਜ ਸਿੰਘ ਜੀ ਭੈਣੀ ਹਲਕਾ ਇੰਚਾਰਜ ਬਣਨ ਤੇ ਗੁਰਦੁਆਰਾ ਧੰਨ ਧੰਨ ਬਾਬਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਕੜਾਹ ਪ੍ਰਸ਼ਾਦ ਦੀ ਦੇਗ ਕਰਾ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਵਾਈ ਗਈ। ਸਮੁੱਚੀ ਕਮੇਟੀ ਵੱਲੋਂ ਭਾਈ ਗੁਰਭੇਜ ਸਿੰਘ ਜੀ ਨੂੰ ਸਨਮਾਨ ਦਿੱਤਾ ਗਿਆ। ਨਾਲ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ, ਭਾਈ ਸਤਪਾਲ ਸਿੰਘ ਅਲਗੋ ਖੁਰਦ ਬਰਾਨਾ ਵਾਲੇ, ਬੀਬੀ ਮਨਜਿੰਦਰ ਕੌਰ, ਬੀਬੀ ਪਰਮਜੀਤ ਕੌਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਮ ਸਰੂਪ ਅਣਖੀ ਨੂੰ ਯਾਦ ਕਰਦਿਆਂ...



ਪੰਜਾਬੀ ਦਾ ਪ੍ਰਤੀਨਿਧ ਅਤੇ ਚਰਚਿਤ ਗਲਪਕਾਰ ਰਾਮ ਸਰੂਪ ਅਣਖੀ 2013 ਵਿੱਚ 14 ਫਰਵਰੀ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਸੀ। ਆਖ਼ਰੀ ਸਮੇਂ ਤੱਕ ਵੀ ਉਹ ਸਾਹਿਤ ਰਚਨਾ ਨਾਲ ਜੁੜਿਆ ਰਿਹਾ ਅਤੇ ਮੌਤ ਤੋਂ ਕਰੀਬ ਦੋ ਘੰਟੇ ਪਹਿਲਾਂ ਤੱਕ ਉਹ ਆਪਣਾ ਨਵਾਂ ਨਾਵਲ ਲਿਖਣ ਵਿੱਚ ਮਸਰੂਫ਼ ਸੀ।

ਬਰਨਾਲੇ ਦੇ ਇਸ ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਸਾਹਿਤ ਅਕਾਦਮੀ ਪੁਰਸਕਾਰ ਜੇਤੂ ਲੇਖਕ ਦਾ ਜਨਮ ਬਰਨਾਲੇ ਦੇ ਨੇੜੇ ਜੱਦੀ ਪਿੰਡ ਧੌਲਾ ਵਿਖੇ 28 ਅਗਸਤ 1932 ਈ. ਨੂੰ ਹੋਇਆ। ਪਿਤਾ ਸ੍ਰੀ ਇੰਦਰ ਰਾਮ ਅਤੇ ਮਾਤਾ ਸ੍ਰੀਮਤੀ ਸੋਧਾਂ ਦੇ ਘਰ ਜਨਮਿਆ ਸਰੂਪ ਲਾਲ, ਰਾਮ ਸਰੂਪ ਅਣਖੀ ਬਣ ਕੇ ਪੰਜਾਬੀ ਸਾਹਿਤ-ਜਗਤ ਦੀਆਂ ਚਹੁੰ-ਕੂੰਟਾਂ ਨੂੰ ਰੁਸ਼ਨਾਉਂਦਾ ਰਿਹਾ।

ਚੌਥੀ ਜਮਾਤ ਤਕ ਉਹ ਆਪਣੇ ਪਿੰਡ ਹੀ ਪੜ੍ਹਿਆ, ਜਦਕਿ ਪੰਜਵੀਂ ਵਿਚ ਉਹ ਹਡਿਆਇਆ ਚਲਾ ਗਿਆ ਅਤੇ ਦਸਵੀਂ ਦੀ ਪ੍ਰੀਖਿਆ ਬਰਨਾਲੇ ਤੋਂ ਪਾਸ ਕੀਤੀ। ਨੌਵੀਂ ਵਿੱਚ ਪੜ੍ਹਦਿਆਂ ਹੀ ਉਹਨੇ ਆਪਣੇ ਮਿੱਤਰਾਂ-ਦੋਸਤਾਂ ਨਾਲ ਮਿਲ ਕੇ 'ਅਣਖੀ' ਨਾਂ ਦਾ ਇੱਕ ਸਾਹਿਤਕ ਰਸਾਲਾ ਕੱਢਣ ਦੀ ਸਕੀਮ ਬਣਾਈ ਸੀ। ਇਹ ਰਸਾਲਾ ਤਾਂ ਕਦੇ ਵੀ ਨਾ ਛਪ ਸਕਿਆ, ਪਰ 'ਅਣਖੀ' ਉਪਨਾਮ ਰਾਮਸਰੂਪ ਦੇ ਨਾਂ ਨਾਲ ਹਮੇਸ਼ਾ ਵਾਸਤੇ ਜੁੜ ਗਿਆ। ਹੁਣ ਉਸ ਨੂੰ ਰਾਮ ਸਰੂਪ 'ਅਣਖੀ' ਵਜੋਂ ਪੂਰਾ ਦੇਸ਼ ਹੀ ਨਹੀਂ, ਸਗੋਂ ਵਿਦੇਸ਼ ਵੀ ਜਾਣਦਾ ਹੈ। ਸੱਤਵੀਂ-ਅੱਠਵੀਂ ਵਿੱਚ ਪੜ੍ਹਦਿਆਂ ਹੀ ਉਹਨੇ 'ਹੀਰ ਵਾਰਿਸ' ਪੜ੍ਹ ਲਈ ਸੀ। ਦਸਵੀਂ ਪਾਸ ਕਰਨ ਤੱਕ ਉਹਨੇ ਘੱਟੋ-ਘੱਟ ਸੱਤ ਅੱਠ ਵਾਰੀ ਇਹ ਕਿੱਸਾ ਪੜ੍ਹਿਆ ਅਤੇ ਸ਼ਾਇਰੀ ਦੀਆਂ ਬਰੀਕੀਆਂ ਤੋਂ ਵਾਕਿਫ਼ ਹੋ ਕੇ ਅੱਠਵੀਂ ਵਿਚ 'ਬਿਮਲ ਪੱਤਲ' ਨਾਂ ਦਾ ਅੱਠ ਪੰਨਿਆਂ ਦਾ ਇੱਕ ਪੱਤਲ ਪ੍ਰਕਾਸ਼ਿਤ ਕਰਵਾਇਆ। ਇਸ ਵਿੱਚ ਪੰਜ ਦੋਹਰੇ, ਇੱਕ ਕਬਿੱਤ, ਇੱਕ ਬੈਂਤ ਤੇ ਦੋ ਕੋਰੜਾ ਛੰਦ ਸਨ। ਇਸ ਦੇ ਮੁੱਖ ਪੰਨੇ ਉੱਤੇ ਇਹ ਲਿਖਿਆ ਹੋਇਆ ਸੀ: "ਕ੍ਰਿਤ ਕਵੀ: ਰਾਮ ਸਰੂਪ ਮਾਰਕੰਡਾ, ਬਿਮਲ, ਧੌਲਾ ਨਿਵਾਸੀ।" ਇਉਂ ਉਹਨੇ ਕੁਝ ਸਮਾਂ ਉਹਨੇ 'ਬਿਮਲ' ਅਤੇ 'ਮਾਰਕੰਡਾ' ਉਪ- ਨਾਵਾਂ ਹੇਠ ਸ਼ਾਇਰੀ ਵੀ ਕੀਤੀ ਸੀ। ਪਰ ਸਥਾਪਤ ਲੇਖਕ ਰਾਮ ਸਰੂਪ ਅਣਖੀ ਵਜੋਂ ਹੀ ਉੱਭਰਿਆ ਅਤੇ ਫੈਲਿਆ।

ਬਹੁਤ ਘੱਟ ਪਾਠਕਾਂ ਨੂੰ ਪਤਾ ਹੋਵੇਗਾ ਕਿ ਸਿਰ ਉਤੇ ਕੇਸ ਰੱਖਣ ਅਤੇ ਪਗੜੀ ਬੰਨ੍ਹਣ ਕਰਕੇ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਵੀ ਰਿਹਾ ਸੀ। ਉਹਦੇ ਇਸ ਫੈਡਰੇਸ਼ਨ ਵਿੱਚ ਸ਼ਾਮਲ ਹੋਣ ਕਰਕੇ ਉਹਦੇ ਮਿੱਤਰ-ਦੋਸਤ ਉਹਨੂੰ ਰਾਮ ਸਰੂਪ ਕਹਿਣ ਦੀ ਥਾਂ ਆਰ. ਐੱਸ. ਕਿਹਾ ਕਰਦੇ ਸਨ। ਮਹਿੰਦਰਾ ਕਾਲਜ ਪਟਿਆਲਾ ਵਿਖੇ ਪੰਜਾਬੀ ਸਾਹਿਤ ਸਭਾ ਵਿੱਚ ਕਵਿਤਾ ਸੁਣਾਉਂਦਿਆਂ ਪ੍ਰਿੰ. ਤੇਜਾ ਸਿੰਘ ਨੂੰ ਵੀ ਉਹਦੇ ਸਿੱਖ ਹੋਣ ਦਾ ਭੁਲੇਖਾ ਲੱਗਿਆ ਸੀ। ਉਹਦੇ ਇਸ ਪਹਿਰਾਵੇ ਕਰਕੇ ਕਈ ਥਾਂਈਂ ਉਸ ਨੂੰ 'ਸਰਦਾਰ ਜੀ' ਕਹਿ ਕੇ ਸੰਬੋਧਿਤ ਕੀਤਾ ਜਾਂਦਾ ਸੀ। ਉਸ ਦੀ ਆਖ਼ਰੀ ਸ਼ਾਦੀ (ਸ੍ਰੀਮਤੀ ਸ਼ੋਭਾ ਪਾਟਿਲ ਨਾਲ) ਵੀ ਅਜਮੇਰ ਦੇ ਹਾਥੀ ਭਾਟਾ ਗੁਰਦੁਆਰਾ ਵਿਖੇ ਆਨੰਦ ਕਾਰਜ ਵਜੋਂ ਹੋਈ ਸੀ।

ਮਹਿੰਦਰਾ ਕਾਲਜ ਪਟਿਆਲਾ ਵਿਖੇ ਦਾਖ਼ਲ ਹੋਣ ਪਿੱਛੋਂ ਉਸ ਦੀ ਸਾਹਿਤਕ ਪ੍ਰਤਿਭਾ ਹੋਰ ਵੀ ਨਿਖਰਨੀ ਸ਼ੁਰੂ ਹੋ ਗਈ। 'ਲਲਕਾਰ' ਵਿੱਚ ਉਹਦੀਆਂ ਕਵਿਤਾਵਾਂ ਛਪਣ ਲੱਗੀਆਂ। ਇੱਥੇ ਉਹ ਵਿਸ਼ਵ ਨਾਥ ਤਿਵਾੜੀ, ਪ੍ਰੋ. ਗੁਲਵੰਤ ਸਿੰਘ, ਪ੍ਰੋ. ਜਨਕ ਸਿੰਘ, ਅਤੇ ਪ੍ਰੋ. ਸੁਜਾਨ ਸਿੰਘ ਜਿਹੇ ਸੂਝਵਾਨ ਤੇ ਪ੍ਰਤਿਭਾਵਾਨ ਅਧਿਆਪਕਾਂ ਦੀ ਸੰਗਤ ਵਿਚ ਆ ਗਿਆ। ਪ੍ਰਿੰ. ਤੇਜਾ ਸਿੰਘ, ਦਰਸ਼ਨ ਸਿੰਘ ਅਵਾਰਾ ਅਤੇ ਜਸਵੰਤ ਸਿੰਘ ਵੰਤਾ ਨੇ ਉਹਦੇ ਕਾਵਿ-ਮਨ ਨੂੰ ਹੋਰ ਥਾਪੜਾ ਦਿੱਤਾ। ਪਟਿਆਲੇ ਦੇ ਇੱਕ ਇਨਾਮੀ ਕਵੀ-ਦਰਬਾਰ ਵਿੱਚ ਉਹਨੇ ਪਹਿਲਾ ਇਨਾਮ ਜਿੱਤਿਆ ਅਤੇ ਪਟਿਆਲੇ ਦੀ ਮਹਾਰਾਣੀ ਮਹਿੰਦਰ ਕੌਰ ਨੇ ਆਪਣੇ ਹੱਥੀਂ ਉਹਨੂੰ ਇਨਾਮੀ ਕੱਪ ਅਤੇ ਸਰਟੀਫਿਕੇਟ ਪ੍ਰਦਾਨ ਕੀਤਾ। 'ਤ੍ਰਿਕਾਲਾਂ' ਅਤੇ 'ਸਵੇਰਾ' ਨਾਂ ਦੇ ਦੋ ਕਾਵਿ-ਪੈਂਫਲਿਟ ਪਟਿਆਲੇ ਰਹਿੰਦਿਆਂ ਹੀ ਛਪੇ। ਪ੍ਰੋ. ਮੋਹਨ ਸਿੰਘ ਨੇ ਉਸ ਅੰਦਰਲੀ ਕਹਾਣੀ-ਪ੍ਰਤਿਭਾ ਨੂੰ ਪਛਾਣ ਕੇ ਉਹਨੂੰ ਕਹਾਣੀਆਂ ਲਿਖਣ ਲਈ ਪ੍ਰੇਰਿਤ ਕੀਤਾ ਤੇ ਇਉਂ ਅਣਖੀ ਦੀਆਂ ਕਹਾਣੀਆਂ 'ਪੰਜ ਦਰਿਆ' ਵਿੱਚ ਪ੍ਰਕਾਸ਼ਿਤ ਹੋਣ ਲੱਗੀਆਂ।

1972 ਵਿੱਚ ਉਹਨੇ ਕਾਲਜ ਵਿਚ ਲੈਕਚਰਾਰ ਲੱਗਣ ਲਈ ਪੀਐੱਚਡੀ ਕਰਨ ਬਾਰੇ ਪੱਕਾ ਵਿਚਾਰ ਬਣਾ ਲਿਆ ਅਤੇ ਵਿਸ਼ਾ ਚੁਣਿਆ: '1947 ਤੋਂ 1972 ਤੱਕ ਪੰਜਾਬੀ ਕਹਾਣੀ ਵਿਚ ਪੇਂਡੂ ਜੀਵਨ ਚਿਤਰਣ।' ਪਰ ਆਪਣੀ ਦੂਜੀ ਪਤਨੀ (ਭਾਗਵੰਤੀ) ਦੀ ਨਾਮੁਰਾਦ ਬੀਮਾਰੀ ਕਰਕੇ ਅਣਖੀ ਦੀ ਇਹ ਇੱਛਾ ਪੂਰੀ ਨਾ ਹੋ ਸਕੀ ਅਤੇ ਸਕੂਲ -ਮਾਸਟਰੀ ਵਿੱਚ ਹੀ ਉਹ ਨੂੰ ਸਬਰ ਕਰਨਾ ਪਿਆ।

ਦੋ ਪਤਨੀਆਂ (ਸੋਮਾ ਅਤੇ ਭਾਗਵੰਤੀ) ਦੀ (ਕ੍ਰਮਵਾਰ 1952 ਅਤੇ 1976 ਵਿੱਚ) ਮੌਤ ਹੋਣ ਪਿੱਛੋਂ ਉਸ ਨੇ 1977 ਵਿਚ ਆਪਣੀ ਇਕ ਮਰਾਠੀ ਪਾਠਕ ਸ਼ੋਭਾ ਪਾਟਿਲ ਨਾਲ਼ ਅਜਮੇਰ ਵਿਖੇ ਸ਼ਾਦੀ ਕਰ ਲਈ ਅਤੇ ਧੌਲੇ ਤੋਂ ਬਰਨਾਲੇ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਸ ਦੇ ਮਾਤਾ-ਪਿਤਾ ਕ੍ਰਮਵਾਰ 1971 ਅਤੇ 1977 ਵਿੱਚ ਉਸ ਨੂੰ ਵਿਛੋੜਾ ਦੇ ਗਏ ਸਨ।

1977 ਵਿੱਚ ਅਣਖੀ ਨੇ ਬਰਨਾਲੇ ਦੇ ਕੁੱਝ ਮਿੱਤਰ-ਦੋਸਤਾਂ ਨਾਲ ਮਿਲ ਕੇ ਸਾਹਿਤ ਸਭਾ ਬਣਾਈ ਅਤੇ 'ਦਰਸ਼ਨ' ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ। 1957 ਵਿਚ ਉਸਦੀ ਪਹਿਲੀ ਕਾਵਿ-ਪੁਸਤਕ (70 ਪੰਨਿਆਂ ਦੀ) 'ਮਟਕ ਚਾਨਣਾ' ਪ੍ਰਕਾਸ਼ਿਤ ਹੋਈ, ਜਿਸ ਦੀ ਭੂਮਿਕਾ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਨੇ ਲਿਖੀ ਸੀ। 1966 ਵਿਚ ਉਹਦਾ ਪਹਿਲਾ ਕਹਾਣੀ-ਸੰਗ੍ਰਹਿ 'ਸੁੱਤਾ ਨਾਗ' ਛਪਿਆ, ਜਿਸ ਦੀ ਪ੍ਰਸੰਸਾ ਵਜੋਂ ਉਸ ਨੂੰ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਸੰਤੋਖ ਸਿੰਘ ਧੀਰ, ਸੁਖਬੀਰ, ਜਸਵੰਤ ਸਿੰਘ ਕੰਵਲ, ਮਹਿੰਦਰ ਸਿੰਘ ਜੋਸ਼ੀ ਅਤੇ ਸ੍ਰੀਮਤੀ ਵਿਜੈ ਚੌਹਾਨ ਆਦਿ ਦੇ ਸੰਦੇਸ਼ ਪ੍ਰਾਪਤ ਹੋਏ ਸਨ। 1970 ਵਿੱਚ ਉਸ ਦਾ ਪਹਿਲਾ ਨਾਵਲ 'ਪਰਦਾ ਤੇ ਰੌਸ਼ਨੀ' ਛਪਿਆ। 31 ਅਗਸਤ 1990 ਨੂੰ ਉਹ ਕਰੀਬ ਛੱਬੀ ਸਾਲ ਦੀ ਸਰਕਾਰੀ ਅਧਿਆਪਕ ਦੀ ਨੌਕਰੀ ਤੋਂ ਸੇਵਾਮੁਕਤ ਹੋ ਗਿਆ, ਪਰ ਸਾਹਿਤ ਨਾਲ ਨਿਰੰਤਰ ਜੁੜੇ ਰਹਿਣ ਦੇ ਮੰਤਵ ਵਜੋਂ ਉਸ ਨੇ 1993 ਦੀ ਆਖ਼ਰੀ ਤਿਮਾਹੀ ਤੋਂ 'ਕਹਾਣੀ ਪੰਜਾਬ' ਨਾਂ ਦਾ ਤ੍ਰੈ- ਮਾਸਿਕ ਪਰਚਾ ਸ਼ੁਰੂ ਕਰ ਲਿਆ। ਇੱਕ ਵਾਰ ਅਣਖੀ ਨੇ ਇਸਦੀ ਸੰਪਾਦਕੀ ਵਿੱਚ ਵਿਅੰਗ ਵਜੋਂ ਇਹ ਵੀ ਲਿਖਿਆ ਸੀ: "ਕਹਾਣੀ ਪੰਜਾਬ ਬੰਦ ਹੋਣ ਲਈ ਛਪਦਾ ਹੈ...÷ਪਰ ਇਹ ਪਰਚਾ ਅਜੇ ਵੀ ਨਿਰਵਿਘਨ (ਉਸਦੇ ਤੁਰ ਜਾਣ ਪਿੱਛੋਂ ਵੀ) ਛਪ ਰਿਹਾ ਹੈ, ਜਿਸ ਦੇ ਸੰਪਾਦਨ ਦੀ ਜ਼ਿੰਮੇਵਾਰੀ ਉਸ ਦੇ ਸਾਹਿਤਕ/ ਅਧਿਆਪਕ ਸਪੁੱਤਰ ਡਾ ਕ੍ਰਾਂਤੀਪਾਲ ਦੇ ਸਿਰ ਹੈ। ਉਸ ਨੇ ਸਕੂਲਾਂ ਵਿਚ ਸਾਰੀ ਉਮਰ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਪੜ੍ਹਾਈ, ਪਰ ਸਾਹਿਤ- ਸੇਵਾ ਪੰਜਾਬੀ ਦੀ ਹੀ ਕੀਤੀ। ਸਾਹਿਤ ਦੇ ਖੇਤਰ ਵਿੱਚ ਉਸ ਦੀਆਂ ਪੁਸਤਕਾਂ ਦੀ ਲੰਮੀ-ਚੌੜੀ ਫਹਿਰਿਸਤ ਹੈ, ਜਿਨ੍ਹਾਂ ਵਿਚ 16 ਨਾਵਲ (ਸੁਲਗਦੀ ਰਾਤ, ਕੱਖਾਂ ਕਾਨਿਆਂ ਦੇ ਪੁਲ, ਜ਼ਖ਼ਮੀ ਅਤੀਤ, ਕੋਠੇ ਖੜਕ ਸਿੰਘ, ਢਿੱਡ ਦੀ ਆਂਦਰ, ਜਿਨਿ ਸਿਰਿ ਸੋਹਨਿ ਪਟੀਆਂ, ਪਰਤਾਪੀ, ਦੁੱਲੇ ਦੀ ਢਾਬ, ਜ਼ਮੀਨਾਂ ਵਾਲੇ, ਬਸ ਹੋਰ ਨਹੀਂ, ਗੇਲੋ, ਬਾਰਾਂ ਤਾਲੀ, ਕਣਕਾਂ ਦਾ ਕਤਲਾਮ, ਭੀਮਾ ਆਦਿ), 350 ਕਹਾਣੀਆਂ ਦੇ 14 ਕਹਾਣੀ ਸੰਗ੍ਰਹਿ (ਕੈਦਣ, ਕਿੱਲੇ ਨਾਲ ਬੰਨ੍ਹਿਆ ਆਦਮੀ, ਸੁਗੰਧਾਂ ਜਿਹੇ ਲੋਕ, ਸਫ਼ੈਦ ਰਾਤ ਦਾ ਜ਼ਖਮ, ਤੂੰ ਵੀ ਮੁੜ ਆ ਸਦੀਕ, ਰੇਸ਼ਮ ਦੀਆਂ ਗੰਢਾਂ, ਕਾਮਰੇਡ ਮਨਸ਼ਾਰਾਮ, ਚਿੱਟੀ ਕਬੂਤਰੀ ਆਦਿ), 2 ਸਵੈ ਜੀਵਨੀ ਪੁਸਤਕਾਂ (ਮਲ੍ਹੇ ਝਾੜੀਆਂ, ਆਪਣੀ ਮਿੱਟੀ ਦੇ ਰੁੱਖ), ਸ਼ਬਦ ਚਿੱਤਰ (ਮੋਏ ਮਿੱਤਰਾਂ ਦੀ ਸ਼ਨਾਖ਼ਤ) ਅਤੇ ਇੱਕ ਖੋਜ- ਪੁਸਤਕ (ਦੇਸ਼ ਮਾਲਵਾ) ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਛੇ ਕਾਵਿ ਪੁਸਤਕਾਂ, ਤਿੰਨ ਲੇਖ ਸੰਗ੍ਰਹਿ, ਇਕ ਦਰਜਨ ਦੇ ਕਰੀਬ ਸੰਪਾਦਿਤ ਕਥਾ-ਪੁਸਤਕਾਂ, ਲੇਖਕਾਂ ਦੀਆਂ ਪਤਨੀਆਂ ਨਾਲ ਕੀਤੀਆਂ ਮੁਲਾਕਾਤਾਂ ਦੇ ਤਿੰਨ ਸੰਗ੍ਰਹਿ ਵੀ ਉਸ ਦੇ ਸਾਹਿਤ ਪ੍ਰਤੀ ਯੋਗਦਾਨ ਵਿੱਚ ਸ਼ਾਮਿਲ ਹਨ।

ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਲਈ ਉਸ ਨੂੰ 1987 ਦਾ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। ਇੱਕ ਸਕੂਲ-ਅਧਿਆਪਕ ਵੱਲੋਂ ਇਹ ਇਨਾਮ ਜਿੱਤਣਾ ਫ਼ਖ਼ਰਯੋਗ ਗੱਲ ਸੀ। ਪਹਿਲਾਂ ਇਹ ਨਾਵਲ ਦੋ ਜਿਲਦਾਂ ਵਿਚ ਛਪਿਆ। ਹੁਣ ਇਹ ਭਾਰਤ ਦੀਆਂ ਦਸ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਇਸ ਨਾਵਲ ਦੇ ਪ੍ਰਕਾਸ਼ਨ ਦੀ ਇੱਕ ਲੰਮੀ ਤੇ ਦਿਲਚਸਪ ਗਾਥਾ ਹੈ। ਅਲਫਾ ਟੀ ਵੀ ਪੰਜਾਬੀ ਨੇ ਉਸਦੇ ਇੱਕ ਹੋਰ ਨਾਵਲ 'ਪਰਤਾਪੀ' ਨੂੰ 70 ਕਿਸ਼ਤਾਂ ਵਿੱਚ ਲੜੀਵਾਰ ਬਣਾ ਕੇ ਤਿੰਨ ਵਾਰ ਪ੍ਰਸਾਰਿਤ ਕੀਤਾ ਸੀ।

1970 ਵਿੱਚ ਹਿੰਦੀ ਦੀ ਇੱਕ ਪ੍ਰਮੁੱਖ ਕਥਾ-ਪੱਤ੍ਰਿਕਾ 'ਸਾਰਿਕਾ' ਨੇ ਉਹਦੀਆਂ ਕੁਝ ਕਹਾਣੀਆਂ ਦੇ ਅਨੁਵਾਦ ਛਾਪੇ, ਤਾਂ ਉਸਨੂੰ ਭਾਰਤੀ ਲੇਖਕਾਂ ਵਿੱਚ ਇੱਕ ਵਿਸ਼ੇਸ਼ ਪਹਿਚਾਣ ਮਿਲ ਗਈ। ਅਣਖੀ ਨੇ ਖ਼ੁਦ ਆਪਣੀਆਂ ਅਤੇ ਹੋਰਨਾਂ ਲੇਖਕਾਂ ਦੀਆਂ ਅਨੇਕਾਂ ਰਚਨਾਵਾਂ ਦੇ ਹਿੰਦੀ ਅਤੇ ਪੰਜਾਬੀ ਵਿੱਚ ਅਨੁਵਾਦ ਛਾਪੇ ਅਤੇ ਅਨੁਵਾਦ ਨੂੰ ਕਦੇ ਵੀ ਦੁਜੈਲਾ ਜਾਂ ਘਟੀਆ ਦਰਜੇ ਦਾ ਕੰਮ ਨਹੀਂ ਮੰਨਿਆ। ਉਸ ਨੇ ਮੌਲਿਕ ਅਤੇ ਅਨੁਵਾਦ ਨਾਲ ਜੁੜੇ ਹਰ ਨਵੇਂ-ਪੁਰਾਣੇ ਲੇਖਕ ਨੂੰ ਸਦਾ ਹੀ ਉਤਸ਼ਾਹਿਤ ਕੀਤਾ। 'ਕਹਾਣੀ ਪੰਜਾਬ' ਦੇ ਤੀਜੇ ਹੀ ਅੰਕ (ਮਈ 1994) ਵਿੱਚ ਉਸ ਨੇ ਮੇਰੇ ਵੱਲੋਂ ਅਨੁਵਾਦਿਤ ਹਿੰਦੀ ਕਹਾਣੀ ਦਾ ਪੰਜਾਬੀ ਅਨੁਵਾਦ 'ਨਵਾਂ ਹਿਸਾਬ' ਪ੍ਰਕਾਸ਼ਿਤ ਕੀਤਾ, ਤਾਂ ਮੇਰੀ ਅਣਖੀ ਨਾਲ ਸਾਹਿਤਕ ਸਾਂਝ ਹੋਰ ਵੀ ਪੁਖ਼ਤਾ ਹੋ ਗਈ। ਫਿਰ ਉਹ ਲਗਾਤਾਰ ਮੈਥੋਂ ਹਿੰਦੀ ਲੇਖਕਾਂ ਦੀਆਂ ਰਚਨਾਵਾਂ ਦੇ ਪੰਜਾਬੀ ਅਨੁਵਾਦ ਕਰਵਾ ਕੇ 'ਕਹਾਣੀ ਪੰਜਾਬ' ਵਿਚ ਛਾਪਦਾ ਰਿਹਾ। ਇਸ ਪੱਤ੍ਰਿਕਾ ਦੇ 49ਵੇਂ ਅੰਕ ਵਿੱਚ ਅਣਖੀ ਨੇ ਮੈਥੋਂ ਇਕੱਠੀਆਂ ਚਾਰ ਕਹਾਣੀਆਂ ਅਨੁਵਾਦ ਕਰਵਾ ਕੇ ਛਾਪੀਆਂ ਅਤੇ ਅੱਧੇ ਪੰਨੇ ਉੱਤੇ ਫੋਟੋ-ਸਹਿਤ ਮੇਰੇ ਅਨੁਵਾਦ-ਕਾਰਜ ਦੀ ਭਰਵੀਂ ਪ੍ਰਸ਼ੰਸਾ ਕੀਤੀ। ਫਿਰ 63-64 ਅੰਕ ਵਿਚ ਹਿੰਦੀ ਦਾ ਇੱਕ ਨਵੀਂ ਕਥਾ-ਸ਼ੈਲੀ ਵਾਲਾ ਪੂਰੇ ਦਾ ਪੂਰਾ ਨਾਵਲ 'ਰਾਵੀ ਲਿਖਦਾ ਹੈ' ਅਨੁਵਾਦ ਕਰਵਾ ਕੇ ਛਾਪਿਆ। ਪਿੱਛੋਂ ਇਸੇ ਨਾਵਲ ਨੂੰ ਆਪਣੀ ਮੌਤ ਤੋਂ ਇੱਕ ਮਹੀਨਾ ਪਹਿਲਾਂ (ਜਨਵਰੀ 2010 ਵਿੱਚ) ਲੁਧਿਆਣਾ ਦੇ ਇੱਕ ਚੰਗੇ ਪ੍ਰਕਾਸ਼ਕ ਤੋਂ ਪੁਸਤਕ ਰੂਪ ਵਿੱਚ ਛਪਵਾ ਕੇ ਸਦਾ ਲਈ ਮੈਨੂੰ ਕ੍ਰਿਤੱਗ ਬਣਾ ਦਿੱਤਾ।

**-ਪ੍ਰੋ. ਨਵ ਸੰਗੀਤ ਸਿੰਘ, # 1, ਲਤਾ ਗਰੀਨ ਐਨਕਲੇਵ, ਪਟਿਆਲਾ**

### ਪਿਹੋਵਾ ਵਿਖੇ ਭਾਈ ਵਰਿਆਮ ਸਿੰਘ ਦਮਦਮੀ ਟਕਸਾਲ ਦੇ ਵਿਦਿਆਲੇ ਵਿੱਚ

# ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੁੱਜੇ







ਪਿਹੋਵਾ ਵਿਖੇ ਭਾਈ ਵਰਿਆਮ ਸਿੰਘ ਦਮਦਮੀ ਟਕਸਾਲ ਦੇ ਵਿਦਿਆਲੇ ਵਿੱਚ ਪੁੱਜੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਸੀਨੀਅਰ ਮੈਂਬਰ,ਜਥੇਦਾਰ ਸਤਪਾਲ ਸਿੰਘ ਰਾਮਗੜ੍ਹੀਆ.ਭਾਈ ਵਰਿਆਮ ਸਿੰਘ ਦਮਦਮੀ ਟਕਸਾਲ ਨੇ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਰਦਾਰ ਭਰਪੂਰ ਸਿੰਘ ਡੱਬਵਾਲੀ ਦੇ ਧਰਮ ਸੁਪਤਨੀ ਬੀਬੀ ਗੁਰਜੀਤ ਕੌਰ ਜੀ ਦੇ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਸਾਹਿਬ ਡੱਬਵਾਲੀ ਮੰਡੀ ਵਿਖੇ

# ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ











ਸਰਦਾਰ ਭਰਪੂਰ ਸਿੰਘ ਡੱਬਵਾਲੀ ਦੇ ਧਰਮ ਸੁਪਤਨੀ ਬੀਬੀ ਗੁਰਜੀਤ ਕੌਰ ਜੀ ਦੇ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਸਾਹਿਬ ਡੱਬਵਾਲੀ ਮੰਡੀ ਵਿਖੇ ਅੱਜ ਸ਼ਰਧਾਜਲੀ ਭੇਂਟ ਕਰਦੇ ਹੋਏ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਮੇਂ ਸੀਨੀਅਰ ਐਡਵੋਕੇਟ ਸ਼ਿੰਦਰਪਾਲ ਸਿੰਘ ਬਰਾੜ,ਐਡਵੋਕੇਟ ਮਨਮਿੰਦਰ ਸਿੰਘ ਡੱਬਵਾਲੀ,ਐਡਵੋਕੇਟ ਇੰਦਰਜੀਤ ਸਿੰਘ ਡੱਬਵਾਲੀ,ਐਡਵੋਕੇਟ ਤਰਲੋਕ ਸਿੰਘ ਸਿਰਸਾ,ਡਾਕਟਰ ਕੇਵੀ ਸਿੰਘ ਸੀਨੀਅਰ ਕਾਂਗਰਸੀ ਆਗੂ ,ਚੇਅਰਮੈਨ ਕੁਲਦੀਪ ਸਿੰਘ ਗਦਰਾਣਾ ਸੀਨੀਅਰ ਆਗੂ ਆਮ ਆਦਮੀ ਪਾਰਟੀ,ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲੇ,ਪੰਜਾਬੀ ਗੀਤਕਾਰ ਭਿੰਦਰ ਡੱਬਵਾਲੀ,ਸਰਦਾਰ ਜਗਸੀਰ ਸਿੰਘ ਮਾਂਗੇਆਣਾ ਮੈਂਬਰ ਐਸਜੀਪੀਸੀ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਅਤੇ ਇਲਾਕੇ ਦੀਆਂ ਸਿੱਖ ਸੰਗਤਾਂ ਹਾਜ਼ਰ ਸਨ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸੂਰਜ ਪਾਰਟੀ ਨੇ ਫਿਰ ਚੋਣ ਜਿੱਤੀ

# ਵਿਨੋਦ ਧੱਤਰਵਾਲ ਲਗਾਤਾਰ ਦੂਜੀ ਵਾਰ ਮੁਖੀ ਬਣੇ









**ਚੌਕ ਮਹਿਤਾ,,15 ਫਰਵਰੀ,( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਹੋਈਆਂ ਕਰਮਚਾਰੀ ਭਲਾਈ ਐਸੋਸੀਏਸ਼ਨ ਦੀਆਂ ਚੋਣਾਂ ਵਿੱਚ ਇੱਕ ਵਾਰ ਫਿਰ "ਰਾਤ ਨੂੰ ਸੂਰਜ ਚੜ੍ਹਿਆ" ਦੇਖਣ ਨੂੰ ਮਿਲਿਆ। 13 ਫਰਵਰੀ ਨੂੰ ਵੋਟਿੰਗ ਤੋਂ ਬਾਅਦ, ਸ਼ਾਮ ਨੂੰ ਐਲਾਨੇ ਗਏ ਨਤੀਜਿਆਂ ਵਿੱਚ ਸਨ ਪਾਰਟੀ ਨੇ ਇੱਕ ਵਾਰ ਫਿਰ ਸ਼ਾਨਦਾਰ ਅਤੇ ਸਰਬਸੰਮਤੀ ਨਾਲ ਜਿੱਤ ਪ੍ਰਾਪਤ ਕੀਤੀ। ਰਾਈਜ਼ਿੰਗ ਸਨ ਪਾਰਟੀ ਨੇ ਪਿਛਲੀ ਵਾਰ ਵਾਂਗ ਸਾਈਕਲ ਅਤੇ ਰੋਜ਼ ਟੀਮਾਂ ਨੂੰ ਵੱਡੇ ਫਰਕ ਨਾਲ ਹਰਾਇਆ। ਉਨ੍ਹਾਂ ਨੇ ਉਨ੍ਹਾਂ ਨੂੰ ਹਰਾਇਆ। ਨਤੀਜਿਆਂ ਤੋਂ ਬਾਅਦ, ਵਿਨੋਦ ਧੱਤਰਵਾਲ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣੇ ਗਏ। ਉਨ੍ਹਾਂ ਦੀ ਜਿੱਤ ਨੇ ਉਨ੍ਹਾਂ ਦੇ ਸਮਰਥਕਾਂ ਵਿੱਚ ਉਤਸ਼ਾਹ ਅਤੇ ਜਸ਼ਨ ਦੀ ਲਹਿਰ ਫੈਲਾ ਦਿੱਤੀ।

**ਸੂਰਜ ਪਾਰਟੀ ਦੇ ਸਾਰੇ ਉਮੀਦਵਾਰ ਜੇਤੂ ਰਹੇ। ਜੇਤੂਆਂ ਦੀ ਸੂਚੀ ਇਸ ਪ੍ਰਕਾਰ ਹੈ:**ਪ੍ਰਧਾਨ ਵਿਨੋਦ ਧੱਤਰਵਾਲ, ਉਪ-ਪ੍ਰਧਾਨ ਹਰਪ੍ਰੀਤ ਸਿੰਘ, ਜਨਰਲ ਸਕੱਤਰ ਸੰਜੀਵ ਵਰਮਾ, ਸਕੱਤਰ ਹਰਪ੍ਰੀਤ ਸਿੰਘ ਕੰਗ, ਸੰਯੁਕਤ ਸਕੱਤਰ ਨੀਰਜ ਰਾਠੀ, ਸਮਾਜਿਕ ਸਕੱਤਰ ਬੁੱਧੀ ਨਾਥ, ਖੇਡ ਸਕੱਤਰ ਰਿਤੂ ਗੁਪਤਾ, ਕੈਸ਼ੀਅਰ ਗੁਰਸ਼ਰਨ ਸਿੰਘ ਗਿੱਲ ਸ਼ਾਮਲ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

## ਭਗਵਾਨ ਭੋਲੇ ਨਾਥ ਦਾ ਆਸ਼ੀਰਵਾਦ ਹਮੇਸ਼ਾ ਤੁਹਾਡੇ ਸਾਰਿਆਂ 'ਤੇ ਬਣਿਆ ਰਹੇ ਅਤੇ

# ਦੇਸ਼ ਤੇ ਪੰਜਾਬ ਤਰੱਕੀ ਕਰਦੇ ਰਹਿਣ: ਅਰਵਿੰਦ ਕੇਜਰੀਵਾਲ



**ਧੂਰੀ ( ਰਣਜੀਤ ਸਿੰਘ ਪੇਧਨੀ)**-ਮਹਾਸ਼ਿਵਰਾਤਰੀ ਦੇ ਪਵਿੱਤਰ ਮੌਕੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਤਿਕਾਰਯੋਗ ਸ਼੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਇਤਿਹਾਸਕ ਸਿੱਧ ਪੀਠ ਵਿੱਚ ਪੂਜਾ ਕੀਤੀ ਅਤੇ ਪੰਜਾਬ ਤੇ ਦੇਸ਼ ਦੀ ਸ਼ਾਂਤੀ, ਖੁਸ਼ਹਾਲੀ ਅਤੇ ਨਿਰੰਤਰ ਤਰੱਕੀ ਲਈ ਅਸ਼ੀਰਵਾਦ ਮੰਗਿਆ। ਤਿਉਹਾਰ 'ਤੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ 'ਆਪ' ਮੁਖੀ ਨੇ ਮਹਾਸ਼ਿਵਰਾਤਰੀ ਨੂੰ ਭਾਰਤ ਦੀ ਪ੍ਰਾਚੀਨ ਅਧਿਆਤਮਿਕ ਪਰੰਪਰਾ ਵਾਲਾ ਤਿਉਹਾਰ ਦੱਸਿਆ ਅਤੇ ਪ੍ਰਾਰਥਨਾ ਕੀਤੀ ਕਿ ਭਗਵਾਨ ਭੋਲੇ ਨਾਥ ਦੀ ਕਿਰਪਾ ਹਮੇਸ਼ਾ ਹਰੇਕ ਨਾਗਰਿਕ 'ਤੇ ਬਣੀ ਰਹੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਸੂਬੇ ਦੀ ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਉਣ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਤੱਕ ਪੰਜਾਬ ਆਪਣੀ ਸ਼ਾਨਦਾਰ ਵਿਰਾਸਤ ਨੂੰ ਮਾਣ ਅਤੇ ਸ਼ਰਧਾ ਨਾਲ ਸਤਿਕਾਰ ਦਿੰਦਾ ਰਹਿੰਦਾ ਹੈ। ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ: "ਮਹਾਸ਼ਿਵਰਾਤਰੀ ਦੇ ਪਵਿੱਤਰ ਮੌਕੇ ਮੈਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਧੂਰੀ ਦੇ ਸ਼੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਪ੍ਰਾਰਥਨਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮਹਾਦੇਵ ਦੀ ਬ੍ਰਹਮ ਊਰਜਾ ਮਨ ਨੂੰ ਸ਼ਾਂਤੀ ਅਤੇ ਆਤਮਾ ਨੂੰ ਨਵੀਂ ਤਾਕਤ ਦਿੰਦੀ ਹੈ। ਭਗਵਾਨ ਭੋਲੇ ਨਾਥ ਦਾ ਆਸ਼ੀਰਵਾਦ ਹਮੇਸ਼ਾ ਤੁਹਾਡੇ ਸਾਰਿਆਂ 'ਤੇ ਬਣਿਆ ਰਹੇ ਅਤੇ ਦੇਸ਼ ਤੇ ਪੰਜਾਬ ਤਰੱਕੀ ਤੇ ਖ਼ੁਸ਼ਹਾਲੀ ਵੱਲ ਵਧਦੇ ਰਹਿਣ।" ਇਸ ਦੌਰਾਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ 'ਤੇ ਕਿਹਾ: "ਅੱਜ ਮਹਾਸ਼ਿਵਰਾਤਰੀ ਦੇ ਮੌਕੇ 'ਤੇ ਮੈਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦੇ ਨਾਲ ਧੂਰੀ ਹਲਕੇ ਦੇ ਪਿੰਡ ਰਣੀਕੇ ਸਥਿਤ ਸ਼੍ਰੀ ਰਣਕੇਸ਼ਵਰ ਮੰਦਿਰ ਵਿੱਚ ਭਗਵਾਨ ਸ਼ਿਵ ਦਾ ਆਸ਼ੀਰਵਾਦ ਲਿਆ ਅਤੇ ਮੱਥਾ ਟੇਕਿਆ। ਮੈਂ ਦੇਸ਼ ਦੀ ਖ਼ੁਸ਼ਹਾਲੀ, ਸ਼ਾਂਤੀ ਅਤੇ ਸਦਭਾਵਨਾ ਅਤੇ ਸਾਰਿਆਂ ਵਿੱਚ ਸਥਾਈ ਭਾਈਚਾਰੇ ਲਈ ਪ੍ਰਾਰਥਨਾ ਕੀਤੀ। ਭਗਵਾਨ ਸ਼ਿਵ ਦਾ ਆਸ਼ੀਰਵਾਦ ਹਮੇਸ਼ਾ ਸਾਰਿਆਂ 'ਤੇ ਬਣਿਆ ਰਹੇ।" 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਸ਼੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖ਼ੁਸ਼ਹਾਲੀ ਲਈ ਪ੍ਰਾਰਥਨਾ ਕੀਤੀ।" ਉਨ੍ਹਾਂ ਕਿਹਾ, "ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ ਅਸੀਂ ਸਿੱਧ ਪੀਠ ਵਿੱਚ ਪੂਜਾ ਕੀਤੀ ਅਤੇ ਲੋਕਾਈ ਦੀ ਭਲਾਈ ਲਈ ਪ੍ਰਾਰਥਨਾ ਕੀਤੀ।" ਉਨ੍ਹਾਂ ਕਿਹਾ, "ਮਹਾਸ਼ਿਵਰਾਤਰੀ ਲੋਕਾਂ ਨੂੰ ਸੱਚ ਦੀ ਭਾਲ ਵੱਲ ਯਤਨ ਕਰਨ ਲਈ ਪ੍ਰੇਰਿਤ ਕਰਦੀ ਹੈ, ਜੋ ਭਗਵਾਨ ਸ਼ਿਵ ਦੁਆਰਾ ਦਰਸਾਈ ਗਈ ਅੰਤਮ ਚੇਤਨਾ ਵੱਲ ਲੈ ਜਾਂਦੀ ਹੈ।" ਉਨ੍ਹਾਂ ਅੱਗੇ ਕਿਹਾ, "ਇਹ ਤਿਉਹਾਰ ਧਾਰਮਿਕਤਾ, ਸ਼ਰਧਾ, ਆਪਸੀ ਪਿਆਰ ਅਤੇ ਸਦਭਾਵਨਾ 'ਤੇ ਜ਼ੋਰ ਦਿੰਦਾ ਹੈ।" ਇਸ ਮੌਕੇ ਦੀ ਸੱਭਿਆਚਾਰਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਇੱਕ ਮਹੱਤਵਪੂਰਨ ਤਿਉਹਾਰ ਹੈ, ਜਿਸ ਨੂੰ ਮਹਾਨ ਭਾਰਤੀ ਸੱਭਿਅਤਾ ਦੇ ਆਧਾਰ ਵਜੋਂ ਜਾਣਿਆ ਜਾਂਦਾ ਹੈ।" ਉਨ੍ਹਾਂ ਨੇ ਅੱਗੇ ਕਿਹਾ, "ਸ੍ਰੀ ਰਣਕੇਸ਼ਵਰ ਮਹਾਦੇਵ ਨੂੰ ਪੰਜਾਬ ਦੇ ਮਾਲਵਾ ਖੇਤਰ ਵਿੱਚ ਇੱਕ ਸਤਿਕਾਰਯੋਗ ਸਿੱਧ ਪੀਠ ਮੰਨਿਆ ਜਾਂਦਾ ਹੈ।" ਅਜਿਹੇ ਸਥਾਨਾਂ ਦੀ ਅਧਿਆਤਮਿਕ ਵਿਰਾਸਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਇਤਿਹਾਸਕ ਤੌਰ 'ਤੇ ਸਿੱਧ ਪੀਠਾਂ ਨੂੰ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ, ਜਿੱਥੇ ਡੂੰਘਾਈ ਨਾਲ ਤਪੱਸਿਆ ਅਤੇ ਅਧਿਆਤਮਿਕ ਅਭਿਆਸ ਕੀਤੇ ਜਾਂਦੇ ਸਨ, ਜਿਸ ਨਾਲ ਬ੍ਰਹਮ ਪ੍ਰਗਟ ਹੁੰਦੇ ਸਨ।" ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੀ ਪਰੰਪਰਾ ਵਿੱਚ ਅਜਿਹੇ ਸਥਾਨਾਂ ਦਾ ਬਹੁਤ ਮਹੱਤਵ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਸਦੀਆਂ ਦੀ ਭਗਤੀ ਅਤੇ ਤਪੱਸਿਆ ਦੁਆਰਾ ਅਧਿਆਤਮਿਕ ਸ਼ਕਤੀ ਮਿਲਦੀ ਹੈ।" ਉਨ੍ਹਾਂ ਅੱਗੇ ਕਿਹਾ, "ਇਹ ਮੰਦਰ ਰਵਾਇਤੀ ਤੌਰ 'ਤੇ ਮਹਾਭਾਰਤ ਕਾਲ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਭਗਵਾਨ ਸ਼ਿਵ ਨੂੰ ਖ਼ੁਸ਼ ਕਰਨ ਲਈ ਅਰਜੁਨ ਦੀ ਤਪੱਸਿਆ ਨਾਲ।" ਉਨ੍ਹਾਂ ਅੱਗੇ ਕਿਹਾ, "ਇਹ ਮੰਨਿਆ ਜਾਂਦਾ ਹੈ ਕਿ ਡੂੰਘੀ ਤਪੱਸਿਆ ਤੋਂ ਬਾਅਦ ਭਗਵਾਨ ਸ਼ਿਵ ਅਰਜੁਨ ਦੇ ਸਾਹਮਣੇ ਪ੍ਰਗਟ ਹੋਏ ਅਤੇ ਉਨ੍ਹਾਂ ਨੂੰ ਬ੍ਰਹਮ ਹਥਿਆਰ ਗਾਂਡੀਵ ਧਨੁਸ਼ ਦਾ ਵਰਦਾਨ ਦਿੱਤਾ।" ਇਸ ਸਥਾਨ ਨੂੰ ਭਾਰਤ ਦੀ ਮਹਾਂਕਾਵਿ ਵਿਰਾਸਤ ਨਾਲ ਜੋੜਦੇ ਹੋਏ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਥਾਨ ਭਾਰਤ ਦੇ ਮਹਾਨ ਮਹਾਂਕਾਵਾਂ ਵਿੱਚੋਂ ਇੱਕ ਨਾਲ ਸਬੰਧਤ ਹੈ, ਜਿਸ ਨਾਲ ਇਸ ਨੂੰ ਡੂੰਘੀ ਮਿਥਿਹਾਸਕ ਅਤੇ ਇਤਿਹਾਸਕ ਪਛਾਣ ਮਿਲਦੀ ਹੈ।" ਉਨ੍ਹਾਂ ਅੱਗੇ ਕਿਹਾ, "ਸ਼੍ਰੀ ਰਣਕੇਸ਼ਵਰ ਮਹਾਦੇਵ ਮਾਲਵਾ ਪੱਟੀ ਵਿੱਚ ਸ਼ਿਵ ਭਗਤੀ ਦੀ ਇਸ ਨਿਰੰਤਰਤਾ ਨੂੰ ਦਰਸਾਉਂਦਾ ਹੈ।" ਉਨ੍ਹਾਂ ਅੱਗੇ ਕਿਹਾ, "ਇਹ ਪਵਿੱਤਰ ਸਥਾਨ ਇੱਕ ਯਾਦ ਦਿਵਾਉਂਦਾ ਹੈ ਕਿ ਪੰਜਾਬ ਦੀ ਸੱਭਿਆਚਾਰਕ ਪਛਾਣ ਅਧਿਆਤਮਿਕ ਇਤਿਹਾਸ ਦੀਆਂ ਕਈ ਪਰਤਾਂ ਦੁਆਰਾ ਘੜੀ ਗਈ ਹੈ।" ਤਿਉਹਾਰ ਦੀ ਵਿਆਪਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ, "ਮਹਾਸ਼ਿਵਰਾਤਰੀ ਸਿਰਫ਼ ਇੱਕ ਧਾਰਮਿਕ ਤਿਉਹਾਰ ਨਹੀਂ ਹੈ, ਸਗੋਂ ਪ੍ਰਾਚੀਨ ਸੱਭਿਅਤਾ ਨਾਲ ਸਬੰਧਤ ਹੈ।" ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਤਿਉਹਾਰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੇ ਬ੍ਰਹਮ ਮਿਲਾਪ ਦੀ ਯਾਦ ਦਿਵਾਉਂਦਾ ਹੈ ਅਤੇ ਅਧਿਆਤਮਿਕ ਜਾਗ੍ਰਿਤੀ ਅਤੇ ਸਵੈ-ਅਨੁਸ਼ਾਸਨ ਦਾ ਪ੍ਰਤੀਕ ਹੈ।" ਉਨ੍ਹਾਂ ਅੱਗੇ ਕਿਹਾ, "ਇੰਨੀ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਤਪਸਥਲੀ 'ਤੇ ਮਹਾਸ਼ਿਵਰਾਤਰੀ ਮਨਾਉਣਾ ਪੁਰਾਣੇ ਰੀਤੀ-ਰਿਵਾਜਾਂ ਅਤੇ ਵਿਸ਼ਵਾਸ ਦੀ ਨਿਰੰਤਰਤਾ ਨੂੰ ਮਜ਼ਬੂਤ ? ?ਕਰਦਾ ਹੈ।" ਉਨ੍ਹਾਂ ਕਿਹਾ, "ਸ਼੍ਰੀ ਰਣਕੇਸ਼ਵਰ ਮਹਾਦੇਵ ਵਿਖੇ ਸਾਲਾਨਾ ਜਸ਼ਨ ਇਸ ਨੂੰ ਵਿਸਾਰੇ ਹੋਏ ਸਮਾਰਕ ਦੀ ਬਜਾਏ ਇੱਕ ਜੀਵੰਤ ਵਿਰਾਸਤੀ ਸਥਾਨ ਵਜੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੇ ਹਨ।" ਇਸ ਸਥਾਨ ਦੀ ਸੱਭਿਆਚਾਰਕ ਮਹੱਤਤਾ ਉਜਾਗਰ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਪਵਿੱਤਰ ਸਥਾਨ ਸਦੀਆਂ ਪੁਰਾਣੀਆਂ ਭਗਤੀ ਪ੍ਰਥਾਵਾਂ ਨੂੰ ਦਰਸਾਉਂਦਾ ਹੈ, ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚੱਲੀਆਂ ਆ ਰਹੀਆਂ ਹਨ।" ਉਨ੍ਹਾਂ ਅੱਗੇ ਕਿਹਾ, "ਰਸਮਾਂ ਦੀ ਨਿਰੰਤਰਤਾ ਦਰਸਾਉਂਦੀ ਹੈ ਕਿ ਵਿਸ਼ਵਾਸ ਪਰੰਪਰਾਵਾਂ ਸਮੇਂ ਦੇ ਨਾਲ ਕਿਵੇਂ ਅਨੁਕੂਲ ਹੁੰਦੀਆਂ ਹਨ, ਜਦੋਂ ਕਿ ਉਨ੍ਹਾਂ ਦਾ ਮੂਲ ਤੱਤ ਕਾਇਮ ਰਹਿੰਦਾ ਹੈ ਅਤੇ ਇਹ ਖੇਤਰ ਦੀ ਅਦਿੱਖ ਸੱਭਿਆਚਾਰਕ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ।" ਉਨ੍ਹਾਂ ਅੱਗੇ ਕਿਹਾ, "ਅਜਿਹੇ ਸਮਾਗਮ ਮਾਲਵਾ ਖੇਤਰ ਵਿੱਚ ਖੇਤਰੀ ਪਛਾਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਦੇ ਹਨ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਇੱਕ ਸਾਂਝੇ ਅਧਿਆਤਮਿਕ ਅਤੇ ਸੱਭਿਆਚਾਰਕ ਝੰਡੇ ਹੇਠ ਇਕੱਠੇ ਕਰਦੇ ਹਨ।÷ ਵਿਰਾਸਤ ਦੀ ਸੰਭਾਲ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਜ਼ਾਹਰ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਨੌਜਵਾਨ ਪੀੜ੍ਹੀਆਂ ਨੂੰ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਲਈ ਸਖ਼ਤ ਮਿਹਨਤ ਕਰ ਰਹੀ ਹੈ।" ਉਨ੍ਹਾਂ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਬੇਮਿਸਾਲ ਢੰਗ ਨਾਲ ਮਨਾ ਚੁੱਕੀ ਹੈ।" ਉਨ੍ਹਾਂ ਅੱਗੇ ਕਿਹਾ, "ਹੁਣ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੀ ਬੇਮਿਸਾਲ ਢੰਗ ਨਾਲ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।" ਅੰਤ ਵਿੱਚ ਉਨ੍ਹਾਂ ਕਿਹਾ, "ਸੂਬਾ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਇਆ ਜਾਵੇ।"

**ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਤੱਕ ਪੰਜਾਬ ਆਪਣੀ ਸ਼ਾਨਦਾਰ ਵਿਰਾਸਤ ਦਾ ਸਨਮਾਨ ਕਰਦਾ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

# ਸਿੱਖ ਸਟੇਟ ਏਜੰਸੀਆਂ ਦੇ ਏਜੰਡੇ ਵਿੱਚ ਜਕੜੇ ਜਾ ਚੁੱਕੇ ਹਨ, ਸਿੱਖ ਇਖਲਾਕ ਰਾਹੀ ਹੀ ਇਸ ਚੁੰਗਲ ਵਿੱਚੋ ਨਿਕਲਿਆ ਜਾ ਸਕਦਾ !

ਕੱਟੜ ਹਿੰਦੂਤਵੀ ਤਾਕਤਾਂ ਅਤੇ ਸਟੇਟ ਏਜੰਸੀਆਂ ਨੇ ਸਿੱਖਾਂ ਦੀ ਹਾਲਤ ਸਰੀਰਕ ਅਤੇ ਮਾਨਸਿਕ ਤਸ਼ਦੱਦ ਦੇ ਸ਼ਿਕਾਰ ਸਿਕੰਜੇ ਵਿੱਚ ਜਕੜੇ ਇਨਸਾਨ ਵਰਗੀ ਬਣਾ ਕੇ ਰੱਖ ਦਿੱਤੀ ਹੈ ।ਤਸਵੀਰ ਦਾ ਦੂਜਾ ਪੱਖ ਇਹ ਹੈ ਕਿ ਸਟੇਟ ਦੀਆਂ ਸ਼ਾਜਿਸਾਂ ਅਤੇ ਤਿਕੜਮਬਾਜ਼ੀ ਨਾਲ ਨਜਿੱਠਣ ਲਈ ਅੱਜ ਸਾਡੇ ਵਿੱਚ ਸਿੱਖ ਇਖਲਾਕ ਦਾ ਮਿਆਰੀ ਪੱਧਰ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ ।ਇਹ ਨਹੀਂ ਕਿ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਦੇ ਉੱਕਾ ਹੀ ਯਤਨ ਨਹੀਂ ਹੋ ਰਹੇ ।ਕਈ ਇਮਾਨਦਾਰ ਰੂਹਾਂ ਸਿੱਖ ਧਰਮ ਅਤੇ ਰਾਜਨੀਤੀ ਦੀ ਸਿਧਾਂਤਕ ਆਭਾ ਨੂੰ ਬਚਾਉਣ ਲਈ ਅਜੇ ਵੀ ਜੁੱਟੀਆ ਹੋਈਆਂ ਹਨ ।ਪਰ ਇਹਨਾਂ ਇਮਾਨਦਾਰ ਯਤਨਾਂ ਵਿੱਚ ਵੀ ਸਿਧਾਂਤਕ ਅਤੇ ਸਿਆਸੀ ਸੋਝੀ ਦੀ ਕਮੀ ਸਪਸ਼ਟ ਝਲਕਦੀ ਹੈ ।ਇਸ ਤੋਂ ਵੀ ਵੱਡਾ ਕਾਰਨ ਇਹ ਹੈ ਕਿ ਸੁਹਿਰਦ ਯਤਨਾਂ ਨੂੰ ਤਾਰਪੀਡੋ ਕਰਨ ਵਾਲੀਆਂ ਤਾਕਤਾਂ ਹਰੇਕ ਧੜੇ ਅਤੇ ਲੀਡਰ ਦੁਆਲੇ ਘੇਰਾ ਪਾ ਕੇ ਬੈਠੀਆਂ ਹਨ ।ਹਾਲਾਤ ਇਸ ਹੱਦ ਤੱਕ ਭਿਆਨਕ ਰੂਪ ਧਾਰ ਚੁੱਕੇ ਹਨ ,ਇੱਕ ਹੱਥ ਦਾ ਦੂਜੇ ਹੱਥ ਉੱਪਰ ਵਿਸ਼ਵਾਸ ਕਰਨਾ ਮੁਸ਼ਕਲ ਹੋਇਆ ਪਿਆ ਹੈ ।

ਸਿੱਖ ਸਿਆਸਤ ਵਿੱਚ ਏਜੰਸੀਆਂ ਦੀ ਘੁਸਪੈਠ ਕੋਈ ਨਵਾਂ ਮਾਮਲਾ ਨਹੀਂ ਹੈ ।ਪਰ ਅੱਸੀਵਿਆਂ ਤੋ ਬਾਅਦ ਇਹ ਸਿਲਸਿਲਾ ਬਹੁਤ ਵੱਡੇ ਪੈਮਾਨੇ ਉਪਰ ਵੱਧ ਚੁੱਕਾ ਹੈ ।ਸੰਘਰਸ਼ਸ਼ੀਲ ਧਿਰਾਂ ਵਿੱਚ ਘੁਸਪੈਠ ਦਾ ਰਸਤਾ ਬੜਾ ਆਸਾਨ ਸੀ ,ਖਾਲਿਸਤਾਨ ਦਾ ਨਾਅਰਾ ਅਤੇ ਗਰਮ ਗੱਲਾਂ ਕਰਨੀਆ ਕਿਸੇ ਦੇ ਵੀ 'ਕੌਮਪ੍ਰਸਤ 'ਹੋਣ ਦਾ ਸਰਟੀਫਿਕੇਟ ਸਨ ।ਜਦੋਂ ਸਰਕਾਰੀ ਸ੍ਰਪ੍ਰਸਤੀ ਸਿਰ ਉੱਪਰ ਹੋਵੇ ਤਾਂ ਅਜਿਹੀ ਪ੍ਰਵਾਨਗੀ ਹਾਸਲ ਕਰਨੀ ਆਸਾਨ ਹੋ ਜਾਂਦੀ ਸੀ ,ਸਰਕਾਰ ਨੇ ਸੰਘਰਸ਼ੀ ਧਿਰਾਂ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਸਾਡੇ ਵਿੱਚ ਸਰਕਾਰੀ ਦੱਲਿਆਂ ਦੀਆਂ ਧਾੜਾਂ ਵਾੜ ਦਿੱਤੀਆਂ,ਜਿਹਨਾਂ ਸਦਕਾ ਸਿੱਖ ਜਜ਼ਿਬਆਂ ਦਾ ਜਵਾਲਾਮੁਖੀ ਦੇਖਦਿਆਂ-ਦੇਖਦਿਆਂ ਰਾਖ ਬਣ ਗਿਆ ।

1994-95 ਵਿੱਚ ਬੀਤੇ ਦੀ ਲਹਿਰ ਦੇ ਢਲਦਿਆਂ ਹੀ ਸਰਕਾਰ ਨੇ ਆਪਣੇ ਮਨਚਾਹੇ ਲੀਡਰ ਬਾਦਲ ਨੂੰ ਉਭਾਰ ਕੇ ਸਿੱਖਾਂ ਦਾ 'ਸਿਰਤਾਜ 'ਸਾਬਤ ਕਰਕੇ ਦਿਖਾ ਦਿੱਤਾ ।1994-95 ਤੋਂ ਬਾਅਦ ਸਾਡੀ ਗਰਮਦਲੀ ਸਿਆਸਤ ਮੂਰਖਤਾ ਅਤੇ ਸਵਾਰਥ ਵੱਸ ਸਟੇਟ ਏਜੰਸੀਆਂ ਦੇ ਏਜੰਡੇ ਦੀ ਹੀ ਪੂਰਤੀ ਕਰਦੀ ਆ ਰਹੀ ਹੈ ।ਬੀਤੇ ਤਿੰਨ ਦਹਾਕੇ ਸਿੱਖ ਜਜ਼ਿਬਆਂ ਨੇ ਕਈ ਉਬਾਲੇ ਖਾਂਦੇ ਪਰ ਸਾਡੀ ਗਰਮਦਲੀ ਸਿਆਸਤ ਹਰ ਵਾਰ ਸਿੱਖ ਜਜ਼ਿਬਆਂ ਦੀ ਨੁਮਾਇੰਦਗੀ ਕਰਨ ਵਿੱਚ ਅਸਫਲ ਰਹੀ ਹੈ ।ਬਾਦਲਾਂ ਅਤੇ ਰਵਾਇਤੀ ਅਕਾਲੀ ਦੀ ਅੱਜ ਤੱਕ ਸਥਾਪਤੀ ਦਾ ਕਾਰਨ ਵੀ ਗਰਮਦਲੀ ਸਿਆਸਤ ਦੀ ਸਿਆਸੀ ਅਯੋਗਤਾ ਅਤੇ ਉਹਨਾਂ ਅੰਦਰ ਵੱਡੇ ਪੱਧਰ ਉੱਪਰ ਸਟੇਟ ਏਜੰਸੀਆਂ ਦੀ ਘੁਸਪੈਠ ਹੈ ।

ਦੀਪ ਸਿੱਧੂ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਆਮਦ ਸਿੱਖ ਸਿਆਸਤ ਵਿੱਚ ਇੱਕ ਨਿਵੇਕਲੀ ਪਹੁੰਚ ਸੀ ।ਗਰਮਦਲੀ ਸਿਆਸਤ ਨੂੰ ਇਸ ਦਾ ਸਵਾਗਤ ਕਰਨਾ ਬਣਦਾ ਸੀ ।ਪਰ ਹੋਇਆ ਉਲਟ ,ਸਾਡੀ ਗਰਮਦਲੀ ਸਿਆਸਤ ਫਿਰ ਸਟੇਟ ਏਜੰਸੀਆਂ ਹੱਥੋਂ ਵਰਤੀ ਗਈ ।ਦੀਪ ਸਿੱਧੂ ਸ਼ਾਜਿਸਾਂ ਅਤੇ ਧੋਖਿਆਂ ਦੀ ਮਾਰ ਸਹਾਰਦਾ ਇਸ ਨਵੇਂ ਉਭਾਰ ਵਿੱਚੋ ਵਿੱਛੜ ਗਿਆ ਅਤੇ ਅੰਮ੍ਰਿਤਪਾਲ ਸਰਕਾਰੀ ਸ਼ਾਜਿਸਾਂ ਦੀਆਂ ਪਰਤਾਂ ਵਿੱਚ ਉਲਝ ਕੇ ਸਰਕਾਰੀ ਚੱਕਰਵਿਊ ਵਿੱਚ ਫਸ ਚੁੱਕਾ ਹੈ ।ਇਸ ਵਕਤ ਭਾਈ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਵਿੱਚ ਜੁੱਟੇ ਉਸਦੇ ਪ੍ਰਵਾਰ ਦੀ ਸਮਰੱਥਾ ਦਰਪੇਸ਼ ਚੁਨੌਤੀਆਂ ਦੇ ਮੁਕਾਬਲੇ ਬਹੁਤ ਨਿਗੂਣੀ ਜਾਪਦੀ ਨਜ਼ਰ ਆ ਰਹੀ ਹੈ ।ਮੈਨੂੰ ਨਹੀਂ ਜਾਪਦਾ ਕਿ 2027 ਤੱਕ ਸਿੱਖ ਸਿਆਸਤ ਵਿੱਚ ਕੋਈ ਤਸੱਲੀਬਖਸ਼ ਮੋੜ ਆਉਣ ਦੀ ਸੰਭਾਵਨਾ ਹੈ ।ਸਿੱਖ ਇਖਾਲਕ ਦੀ ਤਾਕਤ ਹੀ ਸਾਨੂੰ ਸਟੇਟ ਏਜੰਸੀਆਂ ਦੇ ਸ਼ਿਕੰਜੇ ਵਿਚੋਂ ਆਜ਼ਾਦ ਕਰਵਾ ਸਕਦੀ ਹੈ ,ਇਹ ਬਰਕਤ ਗੁਰ-ਕਿਰਪਾ ਬਿਨਾਂ ਹਾਸਲ ਨਹੀਂ ਹੋ ਸਕਦੀ ।

**-ਅਮਰੀਕ ਸਿੰਘ ਮੁਕਤਸਰ**

# ਰਖਵਾਂਕਰਨ ਨੀਤੀ ਸਹੀ ਰੂਪ ਵਿੱਚ ਲਾਗੂ ਨਾ ਕਰਨ 'ਤੇ ਗਲਤ ਰੋਸਟਰ ਰਜਿਸਟਰਾਂ ਨੂੰ ਪ੍ਰਵਾਨ ਕਰਨ ਵਾਲਿਆਂ ਤੇ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ:- ਡਾ. ਬਲਜੀਤ ਕੌਰ

**ਪਠਾਨਕੋਟ, 15 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਐਸ ਸੀ ਬੀ ਸੀ ਅਧਿਆਪਕ ਯੂਨੀਅਨ ਗੁਰਦਾਸਪੁਰ ਦੀ ਇੱਕ ਹੰਗਾਮੀ ਮੀਟਿੰਗ ਹੋਈ। ਮਾਸਟਰ ਰਛਪਾਲ ਸਿੰਘ ਭੁੰਬਲੀ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੀਟਿੰਗ ਵਿੱਚ ਇਸ ਮਸਲੇ ਤੇ ਵਿਚਾਰ ਚਰਚਾ ਕੀਤੀ ਗਈ ਕਿ ਜੋ ਮੀਟਿੰਗ ਸਟੇਟ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ ਵਿੱਚ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਜੀ ਨਾਲ ਪੰਜਾਬ ਭਵਨ ਵਿਖੇ ਹੋਈ। ਜਿਸ ਵਿੱਚ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸਕੱਤਰ ਜਨਰਲ ਬਲਵਿੰਦਰ ਸਿੰਘ ਲਤਾਲਾ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਸੀਨੀਅਰ ਮੀਤ ਪ੍ਰਧਾਨ ਵੀਰ ਸਿੰਘ ਮੋਗਾ ਸੀਨੀਅਰ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਵਿਦਿਆਰਥੀਆਂ ਨੂੰ ਸਾਰੇ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਸ਼ੈਸ਼ਨ ਦੇ ਸ਼ੁਰੂ ਚ 15 ਅਪ੍ਰੈਲ ਤੱਕ ਦੇਣ, ਵੱਖ-ਵੱਖ ਵਜ਼ੀਫਿਆਂ ਦੀ ਦਰ ਜਮਾਤ ਵਾਰ ਇਕ ਸਮਾਨ ਕਰਨ, ਮੈਰੀਟੋਰੀਅਸ ਵਜੀਫੇ ਨੂੰ ਹਾਜਰੀ ਵਜੀਫਿਆਂ ਤੋਂ ਵੱਖਰਾ ਦੇਣ, ਵਜ਼ੀਫੇ ਦੀ ਦਰ ਚ ਸਨਮਾਨਜਨਕ ਵਾਧਾ ਕਰਨ, ਵਜ਼ੀਫੇ ਅਪਲਾਈ ਕਰਨ ਸਮੇਂ ਆਮਦਨ ਸਰਟੀਫਿਕੇਟ ਦੀ ਥਾਂ ਸਵੈ ਘੋਸ਼ਣਾ ਸਵਿਕਾਰ ਕਰਨ ,ਆਬਾਦੀ ਅਨੁਸਾਰ ਰਾਖਵਾਂਕਰਣ ਦੇਣ, ਸਿੱਧੀ ਭਰਤੀ ਤੇ ਤਰੱਕੀਆਂ ਚ ਰਾਖਵਾਂਕਰਨ ਨੀਤੀ ਨੂੰ ਸਹੀ ਰੂਪ ਵਿੱਚ ਲਾਗੂ ਕਰਨ, ਵੱਖ ਵੱਖ ਵਿਭਾਗਾਂ ਚ ਰੋਸਟਰ ਰਜਿਸਟਰਾਂ ਨੂੰ ਠੀਕ ਤਿਆਰ ਕਰਨ, ਓਪਨ ਮੈਰਿਟ ਵਿੱਚ ਆਏ ਰਿਜ਼ਰਵ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਓਪਨ 'ਚ ਦਰਜ ਕਰਨ ,ਸੀਨੀਆਰਤਾ ਕਮ ਮੈਰਿਟ ਨੂੰ ਸਹੀ ਰੂਪ ਵਿੱਚ ਲਾਗੂ ਕਰਕੇ ਰਿਜ਼ਰਵੇਸ਼ਨ ਦੇਣ , ਆਰ ਕੇ ਸੱਭਰਵਾਲ ਜਜਮੈਂਟ ਦੀ ਅਣਦੇਖੀ ਕਰਕੇ ਗਲਤ ਰੋਸਟਰ ਰਜਿਸਟਰਾਂ ਨੂੰ ਤਿਆਰ ਕਰਨ ਤੇ ਪ੍ਰਵਾਨ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਨੂੰਨੀ ਤੇ ਵਿਭਾਗੀ ਕਾਰਵਾਈ ਕਰਨ, ਜਾਤੀ ਆਧਾਰਿਤ ਸਕੂਲ਼ਾਂ ,ਮੁਹੱਲਿਆਂ ਤੇ ਪਿੰਡਾਂ ਦੇ ਨਾਂ ਸਨਮਾਨਜਨਕ ਰੱਖਣ, ਵੱਖ ਵੱਖ ਵਿਭਾਗਾਂ ਵਿੱਚ ਪਏ ਬੈਕਲਾਗ ਨੂੰ ਵਿਸ਼ੇਸ਼ ਮੁਹਿੰਮ ਰਾਹੀਂ ਭਰਨ, ਖਾਲੀ ਦਰਜਾ ਚਾਰ ਪੋਸਟਾਂ ਰੈਗੂਲਰ ਤੌਰ ਤੇ ਭਰਨ, ਸਕੂਲ ਅਧਿਆਪਕਾਂ ਦੀਆਂ ਗੈਰ ਵਿਦਿਅਕ ਕੰਮਾਂ ਚ ਡਿਊਟੀਆਂ ਲਾਉਣੀਆ ਬੰਦ ਕਰਨ, 10675 ਅਨੁਸਾਰ ਵੱਖ ਵੱਖ ਭਰਤੀਆਂ ਦਾ ਰਿਵਿਊ ਕਰਕੇ ਰਿਜ਼ਰਵ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਇਨਸਾਫ਼ ਦੇਣ, ਜਾਅਲੀ ਜਾਤੀ ਸਰਟੀਫਿਕੇਟ ਰੱਦ ਕਰਨ, ਰੱਦ ਕੀਤੇ ਗਏ ਸਰਟੀਫਿਕੇਟ ਵਾਲੇ ਕਰਮਚਾਰੀਆਂ ਤੇ ਵਿਭਾਗੀ ਕਾਰਵਾਈ ਅਮਲ ਲਿਆਉਣ ਲਈ ਵਿਭਾਗਾਂ ਨੂੰ ਪੱਤਰ ਜਾਰੀ ਕਰਕੇ ਸਮਾਂ-ਬੱਧ ਕਾਰਵਾਈ ਕਰਨ ਬਾਰੇ ਮੀਟਿੰਗ 'ਚ ਵਿਸਥਾਰਪੂਰਵਕ ਗੱਲ ਹੋਈ। ਜਿਸ ਤੇ ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਨੇ ਸਾਰੇ ਹੀ ਮੁੱਦਿਆਂ ਨੂੰ ਕਮੇਟੀ ਬਣਾ ਕੇ ਸਮਾਂ-ਬੱਧ ਹੱਲ ਕਰਨ ਦਾ ਪੂਰਨ ਵਿਸ਼ਵਾਸ ਦਵਾਇਆ। ਇਸ ਸਮੇਂ ਵੈੱਲਫੇਅਰ ਵਿਭਾਗ ਦੇ ਸਕੱਤਰ ਵੀ ਕੇ ਮੀਣਾ,ਡਾਇਰੈਕਟਰ ਵਿੰਮੀ ਖੁੱਲਰ,ਸਿੱਖਿਆ ਵਿਭਾਗ ਦੇ ਵਿਸ਼ੇਸ਼ ਸਕੱਤਰ ਸ੍ਰੀ ਅਰਵਿੰਦ,ਡਾਇਰੈਕਟਰ ਸਕੂਲ ਸਿਖਿਆ ਸੈਕੰਡਰੀ ਸ ਗੁਰਿੰਦਰ ਸਿੰਘ ਸੋਢੀ, ਅਸਿਸਟੈਂਟ ਡਾਇਰੈਕਟਰ ਸੁਸ਼ੀਲ ਨਾਥ, ਗੁਰਜੋਤ ਸਿੰਘ, ਸ੍ਰੀ ਸੰਜੀਵ ਮੰਨਣ, ਸ.ਸੁੱਖ ਸਾਗਰ ਸਿੰਘ,ਸੁਪਰਡੈਂਟ ਰਮਨਜੀਤ ਕੌਰ, ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ ਸ਼ਾਲੂ ਮਹਿਰਾ ਤੇ ਹੋਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਚ ਸਕੱਤਰ ਸੁਖਪਾਲ ਬਕਰਾਹਾ, ਕੰਵਲਜੀਤ ਭਵਾਨੀਗੜ,ਹਰਵਿੰਦਰ ਮਾਰਸ਼ਲ, ਹੈਪੀ ਸਿੰਘ ਮੋਗਾ, ਪਰਮਜੀਤ ਸਿੰਘ ਲੁਧਿਆਣਾ,ਹਰਜਿੰਦਰ ਅਰਜ਼, ਬਲਜੀਤ ਸਿੰਘ, ਮਨਪ੍ਰੀਤ ਸਿੰਘ ਰੂਪਨਗਰ, ਲੈਕ ਹਰਬਿਲਾਸ ਬੰਗਾ ਤੇ ਜ਼ਿਲ੍ਹਾ ਗੁਰਦਾਸਪੁਰ ਤੋਂ ਮੀਤ ਪ੍ਰਧਾਨ ਪੰਜਾਬ ਸਵਿੰਦਰ ਸਿੰਘ ਜੈਤੋਸਰਜਾ, ਜ਼ਿਲ੍ਹਾ ਪ੍ਰਧਾਨ ਮਾਸਟਰ ਰਛਪਾਲ ਸਿੰਘ ਭੁੰਬਲੀ,ਪ੍ਰੈਸ ਸਕੱਤਰ ਪਵਨ ਕੁਮਾਰ ਗੁਰਦਾਸਪੁਰ, ਹੈੱਡ ਟੀਚਰ ਸੰਜੀਵ ਕੁਮਾਰ ਸੋਨੀ ਖਜ਼ਾਨਚੀ ਜਗਦੀਸ਼ ਰਾਜ ਬੈਂਸ, ਨਰੇਸ਼ ਪਾਲ ਚਾਹੀਆ, ਬਲਾਕ ਪ੍ਰਧਾਨ ਸ਼ਾਮ ਲਾਲ, ਵਿਜੇ ਕੁਮਾਰ,ਵਿਜੇ ਕੁਮਾਰ ਦੀਨਾਨਗਰ , ਸਰਦਾਰ ਗੁਰਮੀਤ ਸਿੰਘ ਬੱਬੇਹਾਲੀ, ਗੁਰਪ੍ਰੀਤ ਸਿੰਘ ਬੱਬੇਹਾਲੀ, ਲੈਕਚਰਾਰ ਗਗਨਦੀਪ ਸਿੰਘ ਕੋਠੇ ਘਰਾਲਾ ਪ੍ਰੇਮ ਕੁਮਾਰ, ਪਰਮਿੰਦਰ ਕੁਮਾਰ ਦੀਨਾਨਗਰ, ਰਜਿੰਦਰ ਕੁਮਾਰ ਦੀਨਾਨਗਰ, ਕੁਲਵਿੰਦਰ ਕੁਮਾਰ,ਬਲਜੀਤ ਸਿੰਘ ਗੁਰਦਾਸਪੁਰ, ਦੀਪ ਲਾਲ, ਡਾਕਟਰ ਰਵੀ ਸਰੰਗਲ, ਬਲਜਿੰਦਰ ਸਿੰਘ ਕਾਦੀਆਂ, ਜਗਦੀਸ਼ ਸਿੰਘ ਬਟਾਲਾ,ਸਤਿਨਾਮ ਸਿੰਘ ਕਾਦੀਆਂ, ਜਸਪਾਲ ਸਿੰਘ ਭੱਟੀ,ਪਵਨ ਕੁਮਾਰ ਬਟਾਲਾ, ਰਾਮ ਸਿੰਘ ਨਾਨਕ ਚੱਕ ਹੋਰ ਬਹੁਤ ਸਾਰੇ ਸਾਥੀ ਯੂ ਮੀਟਿੰਗ ਤੇ ਸ਼ਾਮਿਲ ਹੋਏ।

### ਇੰਗਲੈਂਡ ਨਿਵਾਸੀ ਗੁਰਵਿੰਦਰ ਸਿੰਘ ਬਰਾੜ,ਜਤਿੰਦਰ ਸਿੰਘ ਬਰਾੜ ਸਮੂੰਹ ਪ੍ਰੀਵਾਰ ਨੇ

## ਕੋਠੇ ਮਹਾਂ ਸਿੰਘ ਵਾਲਾ ਰਾਮਪੁਰਾ ਫੂਲ ਬਠਿੰਡਾ ਵਿਖੇ ਆਪਣੇ ਸਪੁੱਤਰ ਸਾਹਿਬ ਸਿੰਘ ਯੂ. ਕੇ. ਦੇ ਨਵੇਂ ਕਾਰੋਬਾਰ ਦੀ ਸ਼ੁਰੂਆਤ ਤੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ









ਇੰਗਲੈਂਡ ਨਿਵਾਸੀ ਗੁਰਵਿੰਦਰ ਸਿੰਘ ਬਰਾੜ,ਜਤਿੰਦਰ ਸਿੰਘ ਬਰਾੜ ਸਮੂੰਹ ਪ੍ਰੀਵਾਰ ਨੇ ਆਪਣੇ ਜੱਦੀ ਨਿਵਾਸ ਕੋਠੇ ਮਹਾਂ ਸਿੰਘ ਵਾਲਾ ਰਾਮਪੁਰਾ ਫੂਲ ਬਠਿੰਡਾ ਵਿਖੇ ਆਪਣੇ ਸਪੁੱਤਰ ਸਾਹਿਬ ਸਿੰਘ ਯੂ. ਕੇ. ਦੇ ਨਵੇਂ ਕਾਰੋਬਾਰ ਦੀ ਸ਼ੁਰੂਆਤ ਤੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਉਪਰੰਤ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਗੁਰਦੁਆਰਾ ਦਾਦੂ ਸਾਹਿਬ ਨੇ ਰਸਭਿੰਨਾ ਕੀਰਤਨ ਕੀਤਾ ਇਸ ਸਮੇਂ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਪ੍ਰੀਵਾਰ ਵੱਲੋਂ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਗੁਰੂ ਕਾ ਲੰਗਰ ਅਟੁੱਟ ਵਰਤਿਆ।





ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243